ਸਮਾਧੀ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਪਿੱਛਲੇ ਸਫ਼ਿਆਂ ਉੱਤੇ ਅਸੀਂ ਚਿੱਤ ਦੀਆਂ ਹੇਠ ਲਿੱਖੀਆਂ ਮੁੱਖ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ: -

੧. ਜਾਗਰਤ,
੨. ਸੁਪਨਾ,
੩. ਨੀਂਦ,
੪. ਸਮਾਧੀ

ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਅਵਸਥਾਵਾਂ ਸਾਧਾਰਣ ਮਨੁੱਖ ਦੇ ਚਿੱਤ ਦੀਆਂ ਅਵਸਥਾਵਾਂ ਹਨ। ਚੌਥੀ ਅਵਸਥਾ ਉਸ ਮਨੁੱਖ ਦੇ ਚਿੱਤ ਦੀ ਹੈ, ਜਿਸ ਦੀਆਂ ਚਿੱਤ-ਵ੍ਰਿਤੀਆਂ ਜ਼ਿਆਦਾ ਖਿੰਡੀਆਂ ਹੋਈਆਂ ਨਹੀਂ ਹਨ ।

ਅੱਗੇ ਆਉਣ ਵਾਲੇ ਸਫ਼ਿਆਂ ਉੱਤੇ ਅਸੀਂ ਸਮਾਧੀ ਤੇ ਉਸ ਦੀਆਂ ਵੱਖ-ਵੱਖ ਅਵਸਥਾਵਾਂ ਜਾਂ ਪੜਾਵਾਂ ਦਾ ਜ਼ਿਕਰ ਕਰਾਂਗੇ। ਸਮਾਧੀ ਦੇ ਵੱਖ-ਵੱਖ ਪੜਾਵਾਂ ਜਾਂ ਅਵਸਥਾਵਾਂ ਬਾਰੇ ਪੜ੍ਹ ਜਾਂ ਸੁਣ ਕੇ ਕੋਈ ਅਣਜਾਣ ਇਸ ਨੂੰ ਬਹੁਤ ਘੁੰਮਣਘੇਰੀ ਵਾਲਾ ਵਿਸ਼ਾ ਸਮਝ ਸਕਦਾ ਹੈ । ਉਸ ਨੂੰ ਜਾਪ ਸਕਦਾ ਹੈ ਕਿ ਇਹ ਮਹਿਜ਼ ਸਿਰ-ਖਪਾਈ ਹੀ ਹੈ, ਹਕੀਕਤ ਨਹੀਂ । ਉਹ ਸੋਚ ਸਕਦਾ ਹੈ ਕਿ ਸਮਾਧੀ ਦੇ ਇੰਨੇ ਪੜਾਅ ਜਾਂ ਅਵਸਥਾਵਾਂ ਕਿਵੇਂ ਹੋ ਸਕਦੀਆਂ ਹਨ । ਜਦੋਂ ਜਾਗਰਤ ਦੀ ਇੱਕ ਹੀ ਅਵਸਥਾ ਦਾ ਬਿਆਨ ਵਿਦਵਾਨਾਂ ਨੇ ਕੀਤਾ ਹੈ, ਤਾਂ ਸਮਾਧੀ ਦੀ ਵੀ ਇੱਕ ਹੀ ਅਵਸਥਾ ਕਿਉਂ ਨਹੀਂ ਹੋ ਸਕਦੀ? ਨੀਂਦ ਦੀ ਵੀ ਇੱਕ ਹੀ ਅਵਸਥਾ ਬਾਰੇ ਸੁਣਿਆ ਜਾਂਦਾ ਹੈ ਤੇ ਸੁਪਨੇ ਦੀ ਵੀ ਇੱਕ ਹੀ ਅਵਸਥਾ ਬਾਰੇ ਸੁਣਦੇ ਆਏ ਹਾਂ । ਫਿਰ, ਸਮਾਧੀ ਦੀਆਂ ਇੰਨੀਆਂ ਅਵਸਥਾਵਾਂ ਜਾਂ ਪੜਾਵਾਂ ਦਾ ਜ਼ਿਕਰ ਕਰ ਕੇ ਜਿਗਿਆਸੂ ਨੂੰ ਭੰਬਲਭੂਸੇ ਵਿੱਚ ਕਿਉਂ ਪਾ ਦਿੱਤਾ ਜਾਂਦਾ ਹੈ?

ਹਕੀਕਤ ਇਹ ਹੈ ਕਿ 'ਜਾਗਰਤ' ਚਿੱਤ ਦੀ ਕੋਈ ਇੱਕ ਹੀ ਅਵਸਥਾ ਜਾਂ ਪੜਾਅ ਨਹੀਂ ਹੈ, ਸਗੋਂ ਜਾਗਰਤ ਦੀ ਅਵਸਥਾ ਦੇ ਵੀ ਕਈ ਪੜਾਅ ਹਨ । ਅਸੀਂ ਪਹਿਲਾਂ ਹੀ ਵੀਚਾਰ ਕਰ ਚੁੱਕੇ ਹਾਂ ਕਿ ਸ਼ਰਾਬੀ ਹੋਇਆ ਵਿਅਕਤੀ ਨਾ ਤਾਂ ਸੁੱਤਾ ਹੋਇਆ ਹੈ ਤੇ ਨਾ ਹੀ ਕੋਈ ਸੁਪਨਾ ਵੇਖ ਰਿਹਾ ਹੈ, ਫਿਰ ਵੀ ਉਹ ਕਿਸੀ ਐਸੀ ਅਵਸਥਾ ਵਿੱਚ ਹੈ, ਜੋ ਸਾਧਾਰਣ ਜਾਗਰਤ ਦੀ ਅਵਸਥਾ ਤੋਂ ਵੱਖਰੀ ਹੈ । ਉਸ ਦੀ ਜਾਗਰਤ ਅਵਸਥਾ ਨਸ਼ਾ-ਰਹਿਤ ਵਿਅਕਤੀ ਦੀ ਜਾਗਰਤ ਅਵਸਥਾ ਨਾਲੋਂ ਭਿੰਨ ਹੈ । ਸ਼ਰਾਬੀ ਦੀ ਜਾਗਰਤ ਅਵਸਥਾ ਦੇ ਵੀ ਕਈ ਪੜਾਅ ਹੁੰਦੇ ਹਨ । ਘੱਟ ਨਸ਼ੇ ਵਿੱਚ ਉਹ ਕਿਸੇ ਹੋਰ ਪੜਾਅ ਉੱਤੇ ਹੁੰਦਾ ਹੈ ਤੇ ਜ਼ਿਆਦਾ ਨਸ਼ੇ ਵਿੱਚ ਕਿਸੇ ਹੋਰ ਪੜਾਅ ਉੱਤੇ ।

ਬੋਲ ਰਹੇ ਕਿਸੇ ਪਾਗਲ ਵਿਅਕਤੀ ਨੂੰ ਕਿਸ ਸ਼੍ਰੇਣੀ ਵਿੱਚ ਰੱਖਾਂਗੇ? ਕੀ ਉਹ ਸੁੱਤਾ ਹੋਇਆ ਹੈ? ਕੀ ਉਹ ਸੁਪਨਾ ਵੇਖ ਰਿਹਾ ਹੈ? ਕੀ ਉਹ ਜਾਗ ਰਿਹਾ ਹੈ? ਯਕੀਨਨ ਹੀ ਉਹ ਜਾਗਰਤ ਅਵਸਥਾ ਵਿੱਚ ਹੀ ਹੈ, ਪਰ ਉਸ ਦੀ ਜਾਗਰਤ ਅਵਸਥਾ ਕਿਸੇ ਵੱਖਰੇ ਪੜਾਅ ਵਾਲੀ ਹੈ ।

ਇੱਕ ਮੂਰਖ ਵਿਅਕਤੀ ਦੀ ਜਾਗਰਤ ਅਵਸਥਾ ਤੇ ਇੱਕ ਸਮਝਦਾਰ ਵਿਅਕਤੀ ਦੀ ਜਾਗਰਤ ਅਵਸਥਾ ਵਿੱਚ ਅੰਤਰ ਹੁੰਦਾ ਹੈ । ਇੱਕ ਖ਼ੁਸ਼ ਵਿਅਕਤੀ ਤੇ ਇੱਕ ਬਹੁਤ ਦੁੱਖੀ ਵਿਅਕਤੀ ਦੀ ਜਾਗਰਤ ਅਵਸਥਾ ਵਿੱਚ ਬਹੁਤ ਅੰਤਰ ਹੁੰਦਾ ਹੈ । ਕੋਈ ਵਿਅਕਤੀ ਜਦੋਂ ਨਿਡਰ ਹੁੰਦਾ ਹੈ, ਤੇ ਉਹੀ ਵਿਅਕਤੀ ਜਦੋਂ ਬਹੁਤ ਡਰਿਆ ਹੁੰਦਾ ਹੈ, ਦੋਹਾਂ ਹਾਲਤਾਂ ਵਿੱਚ ਉਹ ਹੁੰਦਾ ਤਾਂ ਜਾਗਰਤ ਅਵਸਥਾ ਵਿੱਚ ਹੀ ਹੈ, ਪ੍ਰੰਤੂ ਫਿਰ ਵੀ ਉਨ੍ਹਾਂ ਦੋਹਾਂ ਜਾਗਰਤ ਅਵਸਥਾਵਾਂ ਵਿੱਚ ਕੁੱਝ ਭੇਦ ਜ਼ਰੂਰ ਹੁੰਦਾ ਹੈ ।

ਇੱਥੋ ਤੱਕ ਕਿ ਸਾਧਾਰਣ ਵਿਅਕਤੀ ਵੀ ਕਈ ਵਾਰ ਚਿੱਤ ਦੀ ਅਜਿਹੀ ਅਵਸਥਾ ਵਿੱਚ ਹੁੰਦਾ ਹੈ, ਜਦੋਂ ਉਹ ਨਾ ਤਾਂ ਪੂਰੀ ਤਰ੍ਹਾਂ ਜਾਗਿਆ ਹੀ ਹੁੰਦਾ ਹੈ ਤੇ ਨਾ ਹੀ ਪੂਰੀ ਤਰ੍ਹਾਂ ਸੁੱਤਾ ਹੋਇਆ ਹੀ ਹੁੰਦਾ ਹੈ । ਇਹ ਅੱਧ-ਜਾਗੇ ਜਾਂ ਅੱਧ-ਸੁੱਤੇ ਦੀ ਅਵਸਥਾ ਹੈ ।

ਇਸ ਤਰ੍ਹਾਂ ਸਿੱਧ ਹੁੰਦਾ ਹੈ ਕਿ ਚਿੱਤ ਦੀ 'ਜਾਗਰਤ' ਅਵਸਥਾ ਦੇ ਵੀ ਕਈ ਪੜਾਅ ਹੁੰਦੇ ਹਨ ।

ਸਿਰਫ਼ ਜਾਗਰਤ ਹੀ ਨਹੀਂ, ਬਲਕਿ ਨੀਂਦ ਦੀ ਅਵਸਥਾ ਦੇ ਵੀ ਕਈ ਪੜਾਅ ਹੁੰਦੇ ਹਨ । ਇੱਕ ਨੀਂਦ ਕਾਫ਼ੀ ਹਲਕੀ ਹੁੰਦੀ ਹੈ, ਜਿਸ ਵਿੱਚ ਸੁੱਤਾ ਹੋਇਆ ਵਿਅਕਤੀ ਬਹੁਤ ਹਲਕੀ ਆਵਾਜ਼ ਸੁਣ ਕੇ ਵੀ ਜਾਗ ਜਾਂਦਾ ਹੈ । ਇਸ ਤੋਂ ਉਲਟ ਬਹੁਤ ਗੂੜ੍ਹੀ ਨੀਂਦ ਵੀ ਹੁੰਦੀ ਹੈ, ਜਿਸ ਵਿੱਚ ਸੁੱਤਾ ਹੋਇਆ ਵਿਅਕਤੀ ਜ਼ੋਰ ਨਾਲ ਆਵਾਜ਼ ਮਾਰਣ ਉੱਤੇ ਵੀ ਨਹੀਂ ਉੱਠਦਾ । ਕਈ ਤਾਂ ਇੰਨੀ ਗੂੜ੍ਹੀ ਨੀਂਦ ਵਿੱਚ ਸੌਂਦੇ ਹਨ ਕਿ ਉਨ੍ਹਾਂ ਨੂੰ ਹਿਲਾਉਣ ਨਾਲ ਵੀ ਉਹ ਮੁਸ਼ਕਿਲ ਨਾਲ ਹੀ ਉੱਠਦੇ ਹਨ । ਬੇਹੋਸ਼ੀ ਜਾਂ 'ਕੋਮਾ' ਦੀ ਅਵਸਥਾ ਨੀਂਦ ਦੀ ਸਾਧਾਰਣ ਅਵਸਥਾ ਨਾਲੋਂ ਵੱਖਰੀ ਹੈ ।

ਇਸ ਤੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਨੀਂਦ ਦੀ ਅਵਸਥਾ ਦੇ ਵੀ ਕਈ ਪੜਾਅ ਹੁੰਦੇ ਹਨ ।

ਇੱਥੋਂ ਤਕ ਕਿ ਸੁਪਨੇ ਦੀ ਹਾਲਤ ਨੂੰ ਵੀ ਵੱਖ-ਵੱਖ ਪੜਾਵਾਂ ਜਾਂ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ । ਕਈ ਸੁਪਨੇ ਅਜਿਹੇ ਹੁੰਦੇ ਹਨ, ਜੋ ਵਿਅਕਤੀ ਨੂੰ ਬਹੁਤ ਸਮੇਂ ਤਕ ਯਾਦ ਰਹਿੰਦੇ ਹਨ । ਕਈ ਸੁਪਨੇ ਐਸੇ ਵੀ ਹੁੰਦੇ ਹਨ, ਜੋ ਬਹੁਤ ਥੋੜੇ ਸਮੇਂ ਲਈ ਹੀ ਯਾਦ ਰਹਿੰਦੇ ਹਨ ਤੇ ਫਿਰ ਭੁੱਲ ਜਾਂਦੇ ਹਨ । ਇਸ ਤੋਂ ਉਲਟ, ਬਹੁਤੇ ਸੁਪਨੇ ਅਜਿਹੇ ਹੁੰਦੇ ਹਨ, ਜੋ ਜਾਗ ਖੁਲ੍ਹਦੇ ਸਾਰ ਹੀ ਭੁੱਲ ਜਾਂਦੇ ਹਨ ।

ਜਿਵੇਂ ਜਾਗਰਤ, ਨੀਂਦ ਤੇ ਸੁਪਨੇ ਦੀਆਂ ਅਵਸਥਾਵਾਂ ਦੇ ਵੱਖ-ਵੱਖ ਪੜਾਅ ਜਾਂ ਕਿਸਮਾਂ ਹਨ, ਉਵੇਂ ਹੀ ਸਮਾਧੀ ਦੀਆਂ ਵੀ ਵੱਖ-ਵੱਖ ਅਵਸਥਾਵਾਂ ਹਨ । ਹਰ ਵਿਅਕਤੀ ਜਾਗਰਤ, ਨੀਂਦ ਤੇ ਸੁਪਨੇ ਦੀਆਂ ਅਵਸਥਾਵਾਂ ਵਿੱਚੋਂ ਗੁਜ਼ਰਦਾ ਹੈ । ਇੱਥੋਂ ਤਕ ਕਿ ਹੋਰ ਜਾਨਵਰ ਵੀ ਇਨ੍ਹਾਂ ਤਿੰਨ ਅਵਸਥਾਵਾਂ ਦਾ ਮਨੁੱਖ ਵਾਂਗ ਹੀ ਅਨੁਭਵ ਕਰਦੇ ਹਨ । ਚਿੱਤ ਦੀਆਂ ਇਨ੍ਹਾਂ ਤਿੰਨ ਅਵਸਥਾਵਾਂ ਬਾਰੇ ਇਨ੍ਹਾਂ ਵਿਸ਼ਿਆਂ ਦੇ ਮਾਹਿਰਾਂ ਨੇ ਬਹੁਤ ਪੁਸਤਕਾਂ ਲਿੱਖੀਆਂ ਹਨ । ਉਦਾਹਰਣ ਵਜੋਂ , ਸੰਸਾਰ ਭਰ ਵਿੱਚ ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫ਼ਰਾਇਡ (Sigmund Freud) ਨੇ ਸੁਪਨੇ ਦੀ ਅਵਸਥਾ ਬਾਰੇ ਇੱਕ ਪੂਰੀ ਪੁਸਤਕ 'ਦ ਇੰਟਪ੍ਰਟੇਸ਼ਨ ਔਫ਼ ਡ੍ਰੀਮਜ਼' (The Interpretation of Dreams) ਲਿੱਖੀ ਸੀ ।

ਆਮ ਵਿਅਕਤੀ ਇਨ੍ਹਾਂ ਤਿੰਨ (ਜਾਗਰਤ, ਨੀਂਦ ਤੇ ਸੁਪਨੇ ਦੀਆਂ) ਅਵਸਥਾਵਾਂ ਬਾਰੇ ਜਾਣਦਾ ਹੁੰਦਾ ਹੈ । ਉਸ ਨੂੰ ਇਨ੍ਹਾਂ ਬਾਰੇ ਨਿਜੀ ਅਨੁਭਵ ਹੁੰਦਾ ਹੈ ਤੇ ਇਹ ਅਨੁਭਵ ਉਸ ਨੂੰ ਰੋਜ਼ਾਨਾ ਜੀਵਨ ਵਿੱਚ ਲਗਾਤਾਰ ਹੁੰਦਾ ਹੀ ਰਹਿੰਦਾ ਹੈ । ਲੇਕਿਨ ਅਜਿਹਾ ਵੀ ਨਹੀਂ ਕਿ ਰੋਜ਼ਾਨਾ ਦੇ ਨਿਜੀ ਅਨੁਭਵ ਹੋਣ ਕਾਰਣ ਉਸ ਨੂੰ ਇਨ੍ਹਾਂ ਤਿੰਨ (ਜਾਗਰਤ, ਨੀਂਦ ਤੇ ਸੁਪਨੇ ਦੀਆਂ) ਅਵਸਥਾਵਾਂ ਬਾਰੇ ਕੋਈ ਪ੍ਰਮਾਣਿਕ ਗਿਆਨ ਹਾਸਿਲ ਹੁੰਦਾ ਹੈ । ਅਸੀਂ ਸਿਰਫ਼ ਇਹ ਆਖ ਸਕਦੇ ਹਾਂ ਕਿ ਉਹ ਇਨ੍ਹਾਂ ਤਿੰਨ ਅਵਸਥਾਵਾਂ ਬਾਰੇ ਨਿਜੀ ਤਜੁਰਬਾ ਰੱਖਦਾ ਹੈ । ਇਹ ਜ਼ਰੂਰੀ ਨਹੀਂ ਕਿ ਉਸ ਨੂੰ ਇਨ੍ਹਾਂ ਬਾਰੇ ਵਿਗਿਆਨਿਕ ਜਾਂ ਸ਼ਾਸਤਰੀ ਜਾਣਕਾਰੀ ਵੀ ਹਾਸਿਲ ਹੁੰਦੀ ਹੈ । ਉਹ ਸੁਪਨਾ ਵੇਖਦਾ ਹੈ, ਪਰ ਜ਼ਰੂਰੀ ਨਹੀਂ ਕਿ ਉਹ ਇਹ ਵੀ ਜਾਣਦਾ ਹੋਵੇ ਕਿ ਸੁਪਨੇ ਕਿਉਂ ਆਉਂਦੇ ਹਨ ਜਾਂ ਸੁਪਨੇ ਦਾ ਕੀ ਅਰਥ ਹੈ ।

ਸਮਾਧੀ ਦਾ ਵਰਣਨ ਕਰਨ ਲੱਗਿਆਂ ਤਾਂ ਹੋਰ ਵੀ ਜ਼ਿਆਦਾ ਚੇਤੰਨ ਹੋ ਕੇ ਲਿੱਖਣ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਚਿੱਤ ਦੀ ਇਸ ਅਵਸਥਾ (ਸਮਾਧੀ) ਦਾ ਅਨੁਭਵ ਬਹੁਤ ਹੀ ਘੱਟ ਵਿਅਕਤੀਆਂ ਨੂੰ ਹੁੰਦਾ ਹੈ । ਜਿਨ੍ਹਾਂ ਨੇ ਕਦੀ ਵੀ ਸਮਾਧੀ ਦਾ ਅਨੁਭਵ ਨਹੀਂ ਕੀਤਾ, ਉਹ ਕਿਸੇ ਵੀ ਆਧਾਰ ਤੋਂ ਰਹਿਤ ਕੋਈ ਕੱਚ-ਘਰੜ ਲਿਖਤ ਪੜ੍ਹ ਕੇ ਜਾਂ ਕਿਸੇ ਅਨੁਭਵਹੀਣ ਵਿਅਕਤੀ ਤੋਂ ਇਸ ਬਾਰੇ ਸੁਣ ਕੇ ਗੁੰਮਰਾਹ ਹੋ ਸਕਦੇ ਹਨ ।

ਕੋਈ ਵਿਅਕਤੀ ਜਦੋਂ ਪਹਿਲੀ-ਪਹਿਲੀ ਵਾਰ ਸਮਾਧੀ ਦਾ ਅਨੁਭਵ ਕਰਦਾ ਹੈ, ਤਾਂ ਉਸ ਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਉਹ ਸਮਾਧੀ ਦੀ ਕਿਸ ਅਵਸਥਾ ਜਾਂ ਪੜਾਅ ਦਾ ਅਨੁਭਵ ਕਰ ਰਿਹਾ ਸੀ । ਕਿਤੇ ਅਜਿਹਾ ਨਾ ਹੋਵੇ ਕਿ ਉਹ ਸਮਾਧੀ ਦੀ ਆਰੰਭਕ ਅਵਸਥਾ ਨੂੰ ਹੀ ਅੰਤਿਮ ਅਵਸਥਾ ਸਮਝ ਕੇ ਆਪਣਾ ਜੀਵਨ ਬਰਬਾਦ ਕਰ ਲਏ । ਇਸ ਬਰਬਾਦੀ ਤੋਂ ਬੱਚਣ ਲਈ ਜ਼ਰੂਰੀ ਹੈ ਕਿ ਉਸ ਨੂੰ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਬਾਰੇ ਮੁੱਢਲੀ ਜਾਣਕਾਰੀ ਹੋਣੀ ਚਾਹੀਦੀ ਹੈ । ਧਰਮ ਦੀ ਆੜ ਵਿੱਚ ਕਾਰੋਬਾਰ ਕਰ ਰਹੇ ਲੋਕਾਂ ਤੋਂ ਬੱਚਣ ਲਈ ਵੀ ਇਹ ਜ਼ਰੂਰੀ ਹੈ ਕਿ ਵਿਅਕਤੀ ਨੂੰ ਸੱਚ ਬਾਰੇ ਜਾਣਕਾਰੀ ਹੋਏ ।

ਜਦੋਂ ਮੈਂ ਇੱਥੇ ਸਮਾਧੀ ਬਾਰੇ ਜਾਣਕਾਰੀ ਦੀ ਗੱਲ ਕਰ ਰਿਹਾਂ ਹਾਂ, ਤਾਂ ਮੇਰਾ ਭਾਵ ਇੱਥੇ ਸਿਰਫ਼ 'ਕਿਤਾਬੀ ਗਿਆਨ' (ਅਪਰਾ ਵਿਦਿਆ) ਦੇਣ ਤੋਂ ਹੀ ਹੈ । ਅਸਲ ਗਿਆਨ ਤਾਂ ਉਦੋਂ ਹੀ ਹੋਏਗਾ, ਜਦੋਂ ਜਿਗਿਆਸੂ ਖ਼ੁਦ ਸਮਾਧੀ ਦੀ ਚਰਮ ਅਵਸਥਾ ਦਾ ਅਨੁਭਵ ਕਰ ਲਏਗਾ । ਸਹੀ ਮਾਅਨਿਆਂ ਵਿੱਚ ਗਿਆਨ ਉਹ ਹੀ ਹੈ, ਜੋ ਸਮਾਧੀ ਦੀ ਸਰਵ-ਉੱਚ ਅਵਸਥਾ ਵਿੱਚ ਪ੍ਰਾਪਤ ਹੁੰਦਾ ਹੈ ।

ਸਮਾਧੀ ਕੀ ਹੈ?

ਚਿੱਤ ਕਿਸੇ ਵੀ ਇੱਕ ਭਾਵਨਾ ਦੀ ਬਹੁਤਾਤ ਨਾਲ ਅਵਰੁੱਧ ਹੋ (ਰੁੱਕ) ਸਕਦਾ ਹੈ । ਕੋਈ ਬਹੁਤ ਦੁੱਖਦਾਈ ਖ਼ਬਰ ਮਿਲਣ ਨਾਲ ਚਿੱਤ ਕਿਸੇ ਹੋਰ ਵਿਸ਼ੇ ਦਾ ਧਿਆਨ ਜਾਂ ਮਨਨ ਕਰਨ ਤੋਂ ਅਸਮਰੱਥ ਹੋ ਸਕਦਾ ਹੈ । ਐਸੀ ਕਿਸੀ ਖ਼ਬਰ ਨੂੰ ਸੁਣ ਕੇ ਵਿਅਕਤੀ ਦੀ ਹਾਲਤ ਅਜਿਹੀ ਹੋ ਸਕਦੀ ਹੈ, ਜਿੱਥੇ ਉਹ ਕਿਸੇ ਪਾਗਲ ਜਾਂ ਯਾਦਦਾਸ਼ਤ ਗੁਆ ਚੁੱਕੇ ਹੋਏ ਵਾਂਗ ਵਿਵਹਾਰ ਕਰਨ ਲੱਗ ਜਾਏ । ਕਿਸੇ ਡਰ ਨਾਲ ਵੀ ਅਜਿਹੀ ਸਥਿੱਤੀ ਪੈਦਾ ਹੋ ਸਕਦੀ ਹੈ । ਕਿਸੇ ਦੁੱਖ ਜਾਂ ਡਰ ਨੂੰ ਬਰਦਾਸ਼ਤ ਕਰਨ ਤੋਂ ਅਸਮਰਥ ਹੋ ਕੇ ਵਿਅਕਤੀ ਬੇਹੋਸ਼ੀ ਦੀ ਸਥਿੱਤੀ ਵਿੱਚ ਵੀ ਪਹੁੰਚ ਸਕਦਾ ਹੈ । ਬਹੁਤ ਖ਼ੁਸ਼ੀ ਨਾਲ ਵੀ ਚਿੱਤ ਦੀ ਅਜਿਹੀ ਹਾਲਤ ਹੋ ਸਕਦੀ ਹੈ, ਜਿੱਥੇ ਹੋਰ ਵਿਸ਼ਿਆਂ ਦਾ ਉਸ ਨੂੰ ਕੋਈ ਖ਼ਿਆਲ ਹੀ ਨਾ ਰਹੇ । ਅਜਿਹੀ ਹਾਲਤ ਵਿੱਚ ਉਸ ਨੂੰ ਕੋਈ ਸੁੱਧ-ਬੁੱਧ ਹੀ ਨਹੀਂ ਰਹਿੰਦੀ ।

ਕਈ ਵਾਰ ਕੋਈ ਗੱਡੀ-ਚਾਲਕ (Driver) ਕਿਸੀ ਅਜਿਹੀ ਲੰਬੀ ਯਾਤਰਾ ਲਈ ਨਿਕਲਦਾ ਹੈ, ਜਿੱਥੇ ਉਸ ਨੂੰ ਸੜਕ ਉੱਤੇ ਨਾ-ਮਾਤਰ ਆਵਾਜਾਈ ਮਿਲਦੀ ਹੈ । ਸੜਕ ਦੇ ਵਿੱਚਕਾਰ ਸੜਕ ਦੀ ਦੋ ਹਿੱਸਿਆਂ ਵਿੱਚ ਵੰਡ ਕਰਨ ਲਈ ਇੱਕ ਚਿੱਟੀ ਰੇਖਾ ਖਿੱਚੀ ਹੁੰਦੀ ਹੈ । ਲਗਾਤਾਰ ਉਸ ਰੇਖਾ ਉੱਤੇ ਨਜ਼ਰ ਟਿਕਾਈ ਰੱਖਣ ਨਾਲ ਚਾਲਕ ਦਾ ਚਿੱਤ ਇੱਕ ਅਜਿਹੀ ਸਥਿੱਤੀ ਵਿੱਚ ਪਹੁੰਚ ਜਾਂਦਾ ਹੈ, ਜਿੱਥੇ ਉਹ ਉਸ ਚਿੱਟੀ ਰੇਖਾ ਨਾਲ ਹੀ ਇੱਕ-ਰੂਪ ਹੋ ਜਾਂਦਾ ਹੈ । ਉਸ ਸਮੇਂ ਉਹ ਬਾਕੀ ਸਭ ਕੁੱਝ ਭੁੱਲ ਜਾਂਦਾ ਹੈ । ਇੱਥੋਂ ਤਕ ਕਿ ਉਸ ਨੂੰ ਇਹ ਵੀ ਚੇਤਾ ਨਹੀਂ ਰਹਿੰਦਾ ਕਿ ਉਹ ਕੋਈ ਗੱਡੀ ਚਲਾ ਰਿਹਾ ਹੈ ਜਾਂ ਯਾਤਰਾ ਕਰ ਰਿਹਾ ਹੈ । ਫਿਰ ਵੀ ਉਹ ਗੱਡੀ ਚਲਾਉਂਦਿਆਂ ਆਪਣਾ ਸਫ਼ਰ ਪੂਰਾ ਕਰ ਲੈਂਦਾ ਹੈ । ਅਜਿਹੀ ਸਥਿੱਤੀ ਵਿੱਚ ਅਕਸਰ ਦੁਰਘਟਨਾ ਵੀ ਵਾਪਰ ਜਾਂਦੀ ਹੈ, ਪਰ ਚਾਲਕ ਨੂੰ ਉਸ ਦੁਰਘਟਨਾ ਦੇ ਕਾਰਣ ਦਾ ਕੁੱਝ ਪਤਾ ਨਹੀਂ ਚਲਦਾ, ਕਿਉਂਕਿ ਦੁਰਘਟਨਾ ਵੇਲੇ ਉਹ ਇੱਕ ਖ਼ਾਸ ਮਾਨਸਿਕ ਅਵਸਥਾ, ਜਿਸ ਨੂੰ

'ਹਾਈ-ਵੇਅ ਹਿਪਨੋਸਿਸ' (High Way Hypnosis) ਆਖਦੇ ਹਨ, ਵਿੱਚ ਪੁੱਜਾ ਹੋਇਆ ਸੀ। 'ਹਾਈ-ਵੇਅ ਹਿਪਨੋਸਿਸ' (High Way Hypnosis) ਦਾ ਸ਼ਿਕਾਰ ਅੰਡਰਗਰਾਊਂਡ ਰੇਲਵੇ ਦੇ ਚਾਲਕ ਵੀ ਹੋ ਜਾਂਦੇ ਹਨ, ਕਿਉਂਕਿ ਉਹ ਲਗਾਤਾਰ ਸਾਹਮਣੇ ਇੱਕੋ ਦ੍ਰਿਸ਼ (ਟ੍ਰੇਨ ਦੀਆਂ ਦੋ ਪਟੜੀਆਂ) ਨੂੰ ਤੱਕਦੇ ਰਹਿੰਦੇ ਹਨ।

ਅਜਿਹੀਆਂ ਸਾਰੀਆਂ ਅਵਸਥਾਵਾਂ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਚਿੱਤ ਵਿੱਚ ਅਜਿਹੀ ਸਥਿੱਤੀ ਦਾ ਆ ਜਾਣਾ ਸੁਭਾਵਕ ਹੈ, ਜਿੱਥੇ ਸਿਰਫ਼ ਇੱਕ ਵਿਸ਼ਾ ਹੀ ਪ੍ਰਧਾਨ ਰਹਿ ਜਾਵੇ ਤੇ ਬਾਕੀ ਵਿਸ਼ੇ ਗੌਣ (Secondary) ਹੋ ਜਾਣ, ਜਾਂ ਉਨ੍ਹਾਂ ਦੀ ਹੋਂਦ ਚਿੱਤ ਵਿੱਚ ਰਹੇ ਹੀ ਨਾ। ਇੱਥੇ ਵਿਸ਼ੇ ਤੋਂ ਭਾਵ ਉਹ ਸਥੂਲ ਜਾਂ ਸੂਖਮ ਵਸਤੂ ਆਦਿ ਹੈ, ਜਿਸਦਾ ਵੀਚਾਰ ਜਾਂ ਮਨਨ ਕੀਤਾ ਜਾ ਰਿਹਾ ਹੈ । ਚਿੱਤ ਦੀ ਅਜਿਹੀ ਸਥਿੱਤੀ ਹੋ ਜਾਂਦੀ ਹੈ, ਜਿੱਥੇ ਉਹ ਸਿਰਫ਼ ਇੱਕ ਹੀ ਵਿਸ਼ੇ ਦਾ ਚਿੰਤਨ ਕਰਦਾ ਹੈ ਤੇ ਹੋਰ ਸਭ ਵਿਸ਼ੇ ਹੱਟ ਜਾਂਦੇ ਹਨ।

ਆਮ ਤੌਰ 'ਤੇ ਚਿੱਤ ਅਨੇਕ ਵਿਸ਼ਿਆਂ ਪਿੱਛੇ ਦੌੜਦਾ ਫਿਰਦਾ ਹੈ। ਜਦੋਂ ਚਿੱਤ ਕਿਸੇ ਇੱਕ ਵਿਸ਼ੇ ਉੱਤੇ ਟਿਕ ਜਾਏ, ਤੇ ਬਾਕੀ ਵਿਸ਼ਿਆਂ ਪ੍ਰਤੀ ਉਸਦੀ ਖਿੱਚ ਕਾਫ਼ੀ ਘੱਟ ਹੋਏ, ਤਾਂ ਉਹ ਇੱਕਾਗਰਤਾ ਦੇ ਆਰੰਭ ਦੀ ਅਵਸਥਾ ਹੁੰਦੀ ਹੈ। ਜਦੋਂ ਇਹ ਇੱਕਾਗਰਤਾ ਦੀ ਅਵਸਥਾ ਬਹੁਤ ਡੂੰਘੀ ਹੋ ਜਾਏ, ਤਾਂ ਉਹ ਅਜਿਹੀ ਅਵਸਥਾ ਬਣ ਜਾਂਦੀ ਹੈ, ਜਿਸ ਨੂੰ ਅਸੀਂ ਸਮਾਧੀ ਦੀ ਸ਼ੁਰੂਆਤੀ ਅਵਸਥਾ ਆਖ ਸਕਦੇ ਹਾਂ । ਜਦੋਂ ਚਿੱਤ ਕਿਸੇ ਇੱਕ ਵਿਸ਼ੇ ਵਿੱਚ ਹੀ ਪੂਰੀ ਤਰ੍ਹਾਂ ਟਿਕ ਜਾਏ ਤੇ ਹੋਰ ਵਿਸ਼ੇ ਨਾ ਰਹਿਣ, ਤਾਂ ਉਸ ਨੂੰ ਸਮਾਧੀ ਆਖਦੇ ਹਨ। ਇਸੇ ਨੂੰ ਯੋਗ ਵੀ ਆਖਿਆ ਜਾਂਦਾ ਹੈ।

ਇਸ ਦਾ ਇਹ ਭਾਵ ਨਹੀਂ ਹੈ ਕਿ ਸਮਾਧੀ ਦਾ ਕੋਈ ਇੱਕ ਹੀ ਪੜਾਅ ਹੈ। ਜਿਵੇਂ ਅਸੀਂ ਜਾਗਰਤ ਦੀ ਅਵਸਥਾ ਦੇ ਵੱਖ-ਵੱਖ ਪੜਾਅ ਮੰਨੇ ਹਨ, ਉਵੇਂ ਹੀ ਸਮਾਧੀ ਦੀ ਅਵਸਥਾ ਦੇ ਵੀ ਵੱਖ-ਵੱਖ ਪੜਾਅ ਹੁੰਦੇ ਹਨ। ਆਮ ਤੌਰ 'ਤੇ ਵਿਦਵਾਨਾਂ ਨੇ ਜਾਗਰਤ ਦੇ ਵੱਖ-ਵੱਖ ਪੜਾਵਾਂ ਨੂੰ ਇੱਕ ਹੀ ਜਾਗਰਤ ਅਵਸਥਾ ਵਿੱਚ ਗਿਣ ਲਿਆ ਹੈ। ਅਜਿਹਾ ਕਰਨ ਦਾ ਕਾਰਣ ਇਹ ਹੈ ਕਿ ਆਮ ਲੋਕ ਜਾਗਰਤ ਦੀ ਅਵਸਥਾ ਨੂੰ ਚੰਗੀ ਤਰ੍ਹਾਂ ਸਮਝਦੇ ਤੇ ਅਨੁਭਵ ਵੀ ਕਰਦੇ ਹਨ, ਇਸ ਲਈ ਉਸ ਅਵਸਥਾ ਦਾ ਇੰਨੀ ਬਾਰੀਕੀ ਜਾਂ ਵਿਸਥਾਰ ਨਾਲ ਵਰਣਨ ਕਰਨ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ । ਜਿੱਥੋਂ ਤਕ ਸਮਾਧੀ ਦੇ ਵੱਖ-ਵੱਖ ਪੜਾਵਾਂ ਦਾ ਸੰਬੰਧ ਹੈ, ਉਹ ਇੱਕ-ਦੂਜੇ ਤੋਂ ਇਸ ਹੱਦ ਤਕ ਵੱਖਰੇ ਹਨ ਕਿ ਉਨ੍ਹਾਂ ਦਾ ਵੱਖ-ਵੱਖ ਅਵਸਥਾਵਾਂ ਦੇ ਤੌਰ 'ਤੇ ਜ਼ਿਕਰ ਕਰਨਾ ਵਧੇਰੇ ਤਰਕਸੰਗਤ ਲੱਗਦਾ ਹੈ। ਜਾਗਰਤ ਦੀ ਅਵਸਥਾ ਦਾ ਅਨੁਭਵ ਹਰ ਮਨੁੱਖ ਨੂੰ ਹੁੰਦਾ ਹੈ ਤੇ ਇਸ ਗੱਲ ਦੀ ਕੋਈ ਜ਼ਰੂਰਤ ਨਹੀਂ ਮਹਿਸੂਸ ਹੁੰਦੀ ਕਿ ਉਸ ਨੂੰ ਜਾਗਰਤ ਦੇ ਵੱਖ-ਵੱਖ ਪੜਾਅ ਜਾਂ ਵੱਖ-ਵੱਖ ਅਵਸਥਾਵਾਂ ਬਾਰੇ ਬਾਰੀਕੀ ਨਾਲ ਦੱਸਿਆ ਜਾਏ । ਸਮਾਧੀ ਦੀ ਅਵਸਥਾ ਦਾ ਬਹੁਤ ਘੱਟ ਲੋਕਾਂ ਨੂੰ ਅਨੁਭਵ ਹੁੰਦਾ ਹੈ। ਇਸ ਲਈ ਸੁਭਾਵਿਕ ਹੀ ਹੈ ਕਿ ਇਸ ਅਵਸਥਾ ਦਾ ਵਰਣਨ ਬਾਰੀਕੀ ਨਾਲ ਕਰਨ ਦੀ ਜ਼ਰੂਰਤ ਹੁੰਦੀ ਹੈ, ਤਾਂ ਕਿ ਪੜ੍ਹਨ ਜਾਂ ਸੁਣਨ ਵਾਲੇ ਨੂੰ ਕਿਸੇ ਕਿਸਮ ਦਾ ਕੋਈ ਭੁਲੇਖਾ ਨਾ ਰਹੇ।

ਸਮਾਧੀ ਕਿਵੇਂ ਹੁੰਦੀ ਹੈ?

ਅਸੀਂ ਚਿੱਤ ਦੀਆਂ ਵੱਖ-ਵੱਖ ਵ੍ਰਿਤੀਆਂ ਦਾ ਵਰਣਨ ਕੀਤਾ ਹੈ। ਜਦੋਂ ਚਿੱਤ ਇੰਨ੍ਹਾਂ ਵ੍ਰਿਤੀਆਂ ਦਾ ਤਿਆਗ ਕਰ ਦਿੰਦਾ ਹੈ, ਉਦੋਂ ਸਮਾਧੀ ਦੀ ਅਵਸਥਾ ਹੁੰਦੀ ਹੈ। ਯੋਗ ਸੂਤ੍ਰ ਵਿੱਚ ਆਚਾਰੀਆ ਪਤੰਜਲੀ ਜੀ ਨੇ ਇਸ ਨੂੰ 'ਯੋਗ' ਆਖਿਆ ਹੈ ਤੇ ਕਿਹਾ ਹੈ ਕਿ ਚਿੱਤ ਦੀਆਂ ਵ੍ਰਿਤੀਆਂ ਦਾ ਰੁੱਕ ਜਾਣਾ ਯੋਗ ਹੈ।

> योगश्चित्तवृत्तिनिरोधः ॥ (२, समाधिपाद, योगसूत्र)।
>
> ਯੋਗਸ਼ਚਿੱਤਵ੍ਰਿਤੀ ਨਿਰੋਧः ॥ (੨, ਸਮਾਧੀ ਪਾਦ, ਯੋਗਸੂਤ੍ਰ)।

ਯੋਗ ਦਾ ਸ਼ਾਬਦਿਕ ਅਰਥ ਹੈ, 'ਜੁੜਨਾ'। ਚਿੱਤ ਦਾ ਹੋਰਨਾਂ ਵਿਸ਼ਿਆਂ ਜਾਂ ਵ੍ਰਿਤੀਆਂ ਤੋਂ ਹੱਟ ਕੇ ਇੱਕ ਵਿਸ਼ੇ ਨਾਲ ਜੁੜ ਜਾਣਾ ਯੋਗ ਹੈ।

ਆਚਾਰੀਆ ਪਤੰਜਲੀ ਨੇ ਜਿਸ ਨੂੰ 'ਚਿੱਤਵ੍ਰਿਤੀ ਨਿਰੋਧ' ਜਾਂ 'ਚਿੱਤਵ੍ਰਿਤੀ ਦਾ ਰੁੱਕ ਜਾਣਾ' ਆਖਿਆ ਹੈ, ਉਸੇ ਨੂੰ ਹੀ ਭਗਤ ਰਾਮਾਨੰਦ ਜੀ ਨੇ 'ਚਿੱਤ ਦਾ ਨਾ ਚਲਣਾ' ਆਖਿਆ ਹੈ: -

> ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥
> (੧੧੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭਾਵ, ਮੇਰਾ ਚਿੱਤ ਹੁਣ (ਇਧਰ-ਉਧਰ) ਚੱਲਦਾ ਨਹੀਂ ਤੇ ਮਨ ਪੰਗੂ ਹੋ ਗਿਆ ਹੈ।

ਚਿੱਤ ਦਾ ਰੁੱਕ ਜਾਣਾ ਜਾਂ ਚਿੱਤ ਦਾ ਨਾ ਚਲਣਾ ਇੱਕ ਹੀ ਗੱਲ ਹੈ। ਮਨ ਦੇ ਪੰਗੂ (ਪਿੰਗਲਾ) ਹੋਣ ਦਾ ਭਾਵ ਵੀ ਇਹ ਹੀ ਹੈ ਕਿ ਮਨ ਹੁਣ ਇੱਧਰ-ਉੱਧਰ ਨਹੀਂ ਦੌੜਦਾ, ਇੱਕ ਜਗ੍ਹਾ ਟਿੱਕ ਗਿਆ ਹੈ, ਰੁੱਕ ਗਿਆ ਹੈ।

ਚਿੱਤ ਦੀਆਂ ਵ੍ਰਿਤੀਆਂ ਦਾ ਰੁੱਕ ਜਾਣਾ, ਚਿੱਤ ਦਾ ਨਾ ਚਲਣਾ, ਜਾਂ ਮਨ ਦਾ ਰੁੱਕ ਜਾਣਾ ਹੀ ਯੋਗ ਜਾਂ ਸਮਾਧੀ ਹੈ।

ਪਰ, ਵ੍ਰਿਤੀਆਂ ਅਨੇਕ ਹਨ । ਇਸ ਤਰ੍ਹਾਂ ਹੋ ਜਾਂਦਾ ਹੈ ਕਿ ਕੁੱਝ ਵ੍ਰਿਤੀਆਂ ਤਾਂ ਰੁੱਕ ਜਾਂਦੀਆਂ ਹਨ ,ਪਰ ਕੁੱਝ ਨਹੀਂ ਵੀ ਰੁੱਕਦੀਆਂ । ਕੁੱਝ ਵ੍ਰਿਤੀਆਂ ਰੁੱਕ ਤਾਂ ਗਈਆਂ, ਪਰ ਕੁੱਝ ਵ੍ਰਿਤੀਆਂ ਨਾ ਰੁੱਕਣ ਕਾਰਣ ਚਿੱਤ ਦੀਆਂ ਵੀ ਭਿੰਨ-ਭਿੰਨ ਅਵਸਥਾਵਾਂ ਹੋ ਜਾਂਦੀਆਂ ਹਨ । ਇਹ ਭਿੰਨ-ਭਿੰਨ ਅਵਸਥਾਵਾਂ ਕਾਰਣ ਹੀ ਸਮਾਧੀ ਦਾ ਵਰਣਨ ਵੀ ਭਿੰਨ-ਭਿੰਨ ਪੜਾਵਾਂ ਜਾਂ ਅਵਸਥਾਵਾਂ ਦੇ ਤੌਰ 'ਤੇ ਕਰਨਾ ਜ਼ਰੂਰੀ ਹੋ ਜਾਂਦਾ ਹੈ ।

ਸਮਾਧੀ ਅੰਤਹਕਰਣ ਵਿੱਚ ਵਾਪਰਦੀ ਹੈ । ਅੰਤਹਕਰਣ ਕੋਈ ਇੱਕਹਰੀ ਵਸਤੂ ਨਹੀਂ ਹੈ । ਇਸ ਦੇ ਵੀ ਵੱਖ-ਵੱਖ ਹਿੱਸੇ ਹਨ, ਵੱਖ-ਵੱਖ ਭੂਮੀਆਂ ਹਨ । ਇੱਕ ਭੂਮੀ ਉੱਤੇ ਵਾਪਰੀ ਸਮਾਧੀ ਦੂਜੀ ਭੂਮੀ ਉੱਤੇ ਵਾਪਰੀ ਸਮਾਧੀ ਨਾਲੋਂ ਵੱਖਰੀ ਹੁੰਦੀ ਹੈ । ਇਸ ਵੱਖਰੇਵਾਂ ਇੰਨਾਂ ਸਪਸ਼ਟ ਹੁੰਦਾ ਹੈ ਕਿ ਸਾਧਕ ਇਸ ਵਖਰੇਵੇਂ ਨੂੰ ਬਹੁਤ ਆਸਾਨੀ ਨਾਲ ਮਹਿਸੂਸ ਕਰ ਸਕਦਾ ਹੈ ।

ਜਦੋਂ ਸਾਰੀਆਂ ਵ੍ਰਿਤੀਆਂ ਨਹੀਂ ਰੁਕੀਆਂ, ਪਰ ਸਮਾਧੀ ਹੋ ਗਈ, ਤਾਂ ਉਹ ਅਵਸਥਾ 'ਸੰਪਰਗਿਆਤ' ਸਮਾਧੀ ਦੀ ਅਵਸਥਾ ਹੈ । ਇਸ ਅਵਸਥਾ ਵਿੱਚ ਸਾਰੀਆਂ ਵ੍ਰਿਤੀਆਂ ਰੁਕੀਆਂ ਤਾਂ ਨਹੀਂ, ਪਰ ਫਿਰ ਵੀ ਇਹ ਅਵਸਥਾ ਜਾਗਰਤ ਦੀ ਸਾਧਾਰਣ ਅਵਸਥਾ ਤੋਂ ਬਹੁਤ ਉੱਪਰ ਦੀ ਅਵਸਥਾ ਹੈ । ਇਹ ਇਕਾਗਰਤਾ ਆਰੰਭ ਦੀ ਅਵਸਥਾ ਤੋਂ ਵੀ ਕਾਫ਼ੀ ਉੱਪਰ ਦੀ ਅਵਸਥਾ ਹੈ । ਸੰਪਰਗਿਆਤ ਸਮਾਧੀ ਦੀ ਅਵਸਥਾ ਦੇ ਵੀ ਵੱਖ-ਵੱਖ ਪੜਾਅ ਹਨ ।

ਆਚਾਰੀਆ ਪਤੰਜਲੀ ਜੀ ਨੇ योगश्चित्तवृत्तिनिरोधः (ਯੋਗਸ਼ਚਿੱਤਵ੍ਰਿਤਿਨਿਰੋਧ:) ਆਖਿਆ ਹੈ । ਭਾਵ, ਚਿੱਤ ਦੀਆਂ ਵ੍ਰਿਤੀਆਂ ਦਾ ਰੁੱਕ ਜਾਣਾ 'ਯੋਗ' ਹੈ । ਇੱਥੇ ਸਾਰੀਆਂ ਹੀ ਵ੍ਰਿਤੀਆਂ ਦਾ ਰੁੱਕ ਜਾਣਾ ਨਹੀਂ ਆਖਿਆ । ਵ੍ਰਿਤੀਆਂ ਸਾਰੀਆਂ ਵੀ ਰੁੱਕ ਸਕਦੀਆਂ ਹਨ ਤੇ ਸਾਰੀਆਂ ਨਹੀਂ ਵੀ ਰੁੱਕ ਸਕਦੀਆਂ । ਇਹ ਵੱਖ-ਵੱਖ ਅਵਸਥਾਵਾਂ ਹਨ 'ਯੋਗ' ਦੀਆਂ । ਇਹ ਵੱਖ-ਵੱਖ ਪੜਾਅ ਹਨ ਆਪਣੇ ਮੂਲ ਤਕ ਪੁੱਜਣ ਦੇ ਰਾਸਤੇ ਦੇ ।

ਚਿੱਤ ਵ੍ਰਿਤੀ ਤੋਂ ਭਾਵ ਚਿੱਤ ਦਾ ਰੂਪ ਹੈ । ਜਿਉਂ-ਜਿਉਂ ਚਿੱਤ ਵਿੱਚੋਂ ਵੱਖ-ਵੱਖ ਵ੍ਰਿਤੀਆਂ ਹਟਾਈਆਂ ਜਾਂਦੀਆਂ ਹਨ, ਚਿੱਤ ਦਾ ਰੂਪ ਵੀ ਬਦਲਦਾ ਜਾਂਦਾ ਹੈ । ਚਿੱਤ ਦੇ ਇਹ ਬਦਲਦੇ ਰੂਪ ਹੀ ਸਮਾਧੀ ਦੇ ਵੱਖ-ਵੱਖ ਪੜਾਅ ਹਨ । ਜਦੋਂ ਚਿੱਤ ਵਿੱਚੋਂ ਸਾਰੀਆਂ ਵ੍ਰਿਤੀਆਂ ਹੱਟ ਜਾਂਦੀਆਂ ਹਨ, ਤਾਂ ਚਿੱਤ ਦਾ ਇੱਕ ਅਜਿਹਾ ਰੂਪ ਹੋ ਜਾਂਦਾ ਹੈ, ਜਿਸ ਨੂੰ ਅਸੰਪਰਗਿਆਤ ਸਮਾਧੀ ਜਾਂ ਸੁੰਨ ਸਮਾਧੀ ਕਿਹਾ ਜਾਂਦਾ ਹੈ । ਇਹ ਅਵਸਥਾ ਸੰਪਰਗਿਆਤ ਸਮਾਧੀ ਨਾਲੋਂ ਬਹੁਤ ਹੀ ਵੱਖਰੀ ਹੈ ।

ਦਸਮ ਦੁਆਰ

ਸਰੀਰ ਇੱਕ ਗੁਫਾ ਵਰਗਾ ਹੈ । ਸਥੂਲ ਸਰੀਰ ਰੂਪੀ ਗੁਫਾ ਅੰਦਰ ਪ੍ਰਵੇਸ਼ ਕਰਨ ਲਈ ਪ੍ਰਸਿੱਧ ਨੌ ਦਰਵਾਜ਼ੇ ਜਾਂ ਦੁਆਰ ਹਨ । ਇਹ ਦੁਆਰ ਹਨ, ਦੋ ਅੱਖਾਂ, ਦੋ ਕੰਨ, ਨੱਕ ਦੇ ਦੋ ਛੇਦ (ਨਾਸਾਂ), ਮੂੰਹ, ਜਨਨ-ਇੰਦਰੀ, ਤੇ ਗੁਦਾ ਦੁਆਰ । ਇਹ ਸਾਰੇ ਨੌਂ ਦੁਆਰ ਤ੍ਰਿਗੁਣਾਤਮਕ ਸੰਸਾਰ ਵਿੱਚ ਖੁੱਲ੍ਹਦੇ ਹਨ ਤੇ ਤ੍ਰਿਗੁਣਾਤਮਕ ਸੰਸਾਰ ਨਾਲ ਹੀ ਜੁੜੇ ਹੋਏ ਹਨ ।

ਚਿੱਤ ਦੀ ਵਿਆਖਿਆ ਕਰਦਿਆਂ ਅਸੀਂ ਚਿੱਤ ਦੇ ਵੱਖਰੇ-ਵੱਖਰੇ ਅੰਗਾਂ ਮਨ, ਬੁੱਧੀ, ਅਹੰਕਾਰ, ਤੇ ਅਸਮਿਤਾ ਦਾ ਵਰਣਨ ਕੀਤਾ ਹੈ । ਇਨ੍ਹਾਂ ਚਾਰੇ ਅੰਗਾਂ ਸਮੇਤ ਚਿੱਤ ਇੱਕ ਸੂਖਮ ਵਸਤੂ ਹੈ । ਇਸ ਨੂੰ ਸਥੂਲ ਅੱਖਾਂ ਨਾਲ, ਜਾਂ ਸੂਖਮਦਰਸ਼ੀ ਯੰਤਰ (Microskope) ਨਾਲ ਵੀ ਨਹੀਂ ਦੇਖਿਆ ਜਾ ਸਕਦਾ । ਇਸ ਨੂੰ ਸਰੀਰ ਦਾ ਸਥੂਲ ਅੰਗ 'ਦਿਮਾਗ਼' ਨਹੀਂ ਸਮਝ ਲਿਆ ਜਾਣਾ ਚਾਹੀਦਾ । ਸਥੂਲ ਦਿਮਾਗ਼ ਨੂੰ ਦੇਖਿਆ ਜਾ ਸਕਦਾ ਹੈ । ਇਸ ਸਥੂਲ ਦਿਮਾਗ਼ ਦੀ ਚੀਰ-ਫਾੜ (ਆਪਰੇਸ਼ਨ / ਸਰਜਰੀ) ਵੀ ਕੀਤਾ ਜਾ ਸਕਦਾ ਹੈ ।

ਚਿੱਤ ਸੂਖਮ ਵਸਤੂ ਹੈ, ਜੋ ਸਥੂਲ 'ਦਿਮਾਗ਼' ਨੂੰ ਸੰਚਾਲਿਤ ਕਰਦੀ ਹੈ । ਸੂਖਮ ਚਿੱਤ ਬਹੁਤ ਸਾਰੀ ਜਾਣਕਾਰੀ ਸਥੂਲ 'ਦਿਮਾਗ਼' ਵਿੱਚ ਭਰ ਦਿੰਦਾ ਹੈ । ਦਿਮਾਗ਼ ਨੂੰ ਵੀ ਚਿੱਤ ਉਸੇ ਪ੍ਰਕਾਰ ਹੀ ਵਰਤਦਾ ਹੈ, ਜਿਸ ਤਰ੍ਹਾਂ ਉਹ ਸਰੀਰ ਦੇ ਹੋਰਨਾਂ ਸਥੂਲ ਅੰਗਾਂ ਨੂੰ ਵਰਤਦਾ ਹੈ ।

ਸਰੀਰ ਰੂਪੀ ਗੁਫਾ ਦੇ ਅੰਦਰ ਅੰਤਹਕਰਣ ਵੀ ਇੱਕ ਹੋਰ ਗੁਫਾ ਵਰਗਾ ਹੈ । ਇਹ ਅੰਤਹਕਰਣ ਰੂਪੀ ਗੁਫਾ ਵਿੱਚ ਬੈਠਾ ਮਨ ਪੰਜ ਗਿਆਨ-ਇੰਦਰੀਆਂ ਰਾਹੀਂ ਸਰੀਰ ਰੂਪੀ ਗੁਫਾ ਤੋਂ ਬਾਹਰ ਸਥਿੱਤ ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਤੇ ਗੰਧ) ਅਨੁਭਵ ਕਰਦਾ ਹੈ । ਅੰਤਹਕਰਣ ਇੱਕ ਅਜਿਹੀ ਗੁਫਾ ਹੈ, ਜਿਸ ਦਾ ਇੱਕ ਸਿਰਾ ਖੁੱਲ੍ਹਾ ਹੈ, ਪਰ ਦੂਜਾ ਸਿਰਾ ਬੰਦ ਵਰਗਾ ਹੀ ਜਾਪਦਾ ਹੈ ।

ਜਦੋਂ ਅੰਤਹਕਰਣ ਰੂਪੀ ਗੁਫਾ ਉਸ ਬੰਦ ਪਾਸੇ ਤੋਂ ਵੀ ਪ੍ਰੱਤਖ ਖੁੱਲ੍ਹ ਜਾਂਦੀ ਹੈ, ਤਾਂ ਨਿਰਗੁਣ (ਤ੍ਰਿਗੁਣ ਅਤੀਤ) ਬ੍ਰਹਮ ਨਾਲ ਜੁੜ ਜਾਂਦੀ ਹੈ ਤੇ ਉਸ ਵਿੱਚ ਹੀ ਜਾ ਖੁੱਲ੍ਹਦੀ ਹੈ । ਅੰਤਹਕਰਣ ਅਤੇ ਅੰਤਹਕਰਣ ਦਾ ਨਿਰਗੁਣ (ਤ੍ਰਿਗੁਣ ਅਤੀਤ) ਬ੍ਰਹਮ ਵਿੱਚ ਖੁੱਲ੍ਹਣ ਵਾਲਾ ਇਹ ਦੁਆਰ ਹੀ ਇਸ ਸਰੀਰ ਰੂਪੀ ਗੁਫਾ ਦਾ ਦਸਵਾਂ ਦੁਆਰ ਆਖਿਆ ਜਾਂਦਾ ਹੈ ।

> ਸੁੰਨ ਸਮਾਧਿ ਗੁਫਾ ਤਹ ਆਸਨੁ ॥
> ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥
> ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥
> ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥

(੯੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥
ਪਰ ਘਰ ਜਾਇ ਨ ਮਨੁ ਡੋਲਾਏ ॥
ਸਹਜ ਨਿਰੰਤਰਿ ਰਹਉ ਸਮਾਏ ॥੫॥
(੯੦੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥
(੯੨੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਸੁ ਗੁਫਾ ਮਹਿ ਅਖੁਟ ਭੰਡਾਰਾ ॥
ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
(੧੨੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਭ ਸੰਪਰਗਿਆਤ ਸਮਾਧੀਆਂ ਦਸਮਦੁਆਰ ਦੇ ਅੰਦਰਵਾਰ ਲੱਗਦੀਆਂ ਹਨ। ਧਰਮਮੇਘ ਸਮਾਧੀ ਜਾਂ ਵਿਵੇਕ ਖਿਆਤੀ ਦਸਮਦੁਆਰ ਦੇ ਬਾਹਰੀ ਸਿਰੇ 'ਤੇ ਲੱਗਦੀ ਹੈ, ਜਿੱਥੇ ਆਤਮਾ ਤੇ ਅੰਤਹਕਰਣ ਦੋਹਾਂ ਦਾ ਅਨੁਭਵ ਹੁੰਦਾ ਹੈ। ਸੁੰਨ-ਸਮਾਧੀ ਦਸਮਦੁਆਰ ਤੋਂ ਬਾਹਰ ਨਿਰਗੁਣ ਬ੍ਰਹਮ ਵਿੱਚ ਲੱਗਦੀ ਹੈ। ਸਭ ਸੂਖਮ ਵਿਸ਼ੇ ਦਸਮ ਦੁਆਰ ਵਿੱਚ ਜਾਣੇ ਜਾਂਦੇ ਹਨ। ਅਨਾਹਤ ਨਾਦ ਦਸਮ ਦੁਆਰ ਵਿੱਚ ਹੀ ਸੁਣਿਆ ਜਾਂਦਾ ਹੈ।

ਆਉ, ਹੁਣ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਦਾ ਵਰਣਨ ਕਰੀਏ: -

੧. ਸੰਪਰਗਿਆਤ ਸਮਾਧੀ

ਜਦੋਂ ਧਿਆਨ ਕੀਤੇ ਜਾ ਰਹੇ ਆਕਾਰ ਜਾਂ ਰੂਪ (ਧਯੇਯ) ਦਾ ਸਰੂਪ ਚੰਗੀ ਤਰ੍ਹਾਂ ਜਾਣ ਲਿਆ ਜਾਂਦਾ ਹੈ, ਉਸ ਭਾਵਨਾ ਨੂੰ 'ਸੰਪਰਗਿਆਤ' ਆਖਦੇ ਹਨ। ਇਸਲਈ, 'ਸੰਪਰਗਿਆਤ' ਦਾ ਅਰਥ ਹੈ, ਚੰਗੀ ਤਰ੍ਹਾਂ ਜਾਣਿਆ ਹੋਇਆ।

ਇੱਕਾਗਰਤਾ ਆਰੰਭ ਦੀ ਅਵਸਥਾ ਦੌਰਾਨ ਮਨ ਕਿਸੇ ਇੱਕ ਹੀ ਵਿਸ਼ੇ ਵੱਲ ਕੇਂਦਰਿਤ ਹੁੰਦਾ ਜਾਂਦਾ ਹੈ ਤੇ ਦੂਜੇ ਵਿਸ਼ੇ ਉਸ ਲਈ ਗੌਣ ਹੁੰਦੇ ਜਾਂਦੇ ਹਨ। ਫਿਰ ਵੀ, ਦੂਜੇ ਵਿਸ਼ਿਆਂ ਦੀ ਹੋਂਦ ਮਨ ਵਿੱਚ ਬਣੀ ਹੀ ਰਹਿੰਦੀ ਹੈ। ਦੂਜੇ ਵਿਸ਼ੇ ਵੀ ਮਨ ਵਿੱਚ ਮੌਜੂਦ ਹਨ, ਪਰ ਮਨ ਉਨ੍ਹਾਂ ਸਭ ਵਿਸ਼ਿਆਂ ਵਿੱਚੋਂ ਸਿਰਫ਼ ਇੱਕ ਹੀ ਵਿਸ਼ੇ ਵੱਲ ਵਿਸ਼ੇਸ਼ ਤਵੱਜੋ ਦਿੰਦਾ ਹੈ। ਇਹ ਇੱਕਾਗਰਤਾ ਆਰੰਭ ਦੀ ਅਵਸਥਾ ਹੈ।

ਜਦੋਂ ਮਨ ਕਿਸੇ ਇੱਕ ਹੀ ਵਿਸ਼ੇ ਦਾ ਚਿੰਤਨ ਕਰਦਾ-ਕਰਦਾ ਬਾਕੀ ਸਭ ਵਿਸ਼ਿਆਂ ਨੂੰ ਮੁੱਢ ਤੋਂ ਹੀ ਭੁਲਾ ਦਏ, ਤਾਂ ਉਹ ਇੱਕਾਗਰਤਾ ਆਰੰਭ ਦੀ ਅਵਸਥਾ ਤੋਂ ਵੀ ਪਰ੍ਹੇ ਨਿਕਲ ਜਾਂਦਾ ਹੈ। ਇੱਥੇ ਮਨ ਤੋਂ ਇਲਾਵਾ ਸਿਰਫ਼ ਉਹ ਵਿਸ਼ਾ ਹੀ ਬਾਕੀ ਰਹਿੰਦਾ ਹੈ, ਜਿਸ ਦਾ ਚਿੰਤਨ ਮਨ ਕਰ ਰਿਹਾ ਹੈ। ਇੱਕ ਦਰਸ਼ਕ (ਮਨ) ਹੈ ਤੇ ਦੂਜਾ ਦ੍ਰਿਸ਼ (ਵਿਸ਼ਾ)। ਇਹ ਸੰਪਰਗਿਆਤ ਸਮਾਧੀ ਦੀ ਅਵਸਥਾ ਹੈ।

'ਸੰਪਰਗਿਆਤ ਸਮਾਧੀ' ਦਾ ਭਾਵ ਹੈ ਕਿ ਚਿੱਤ ਦੀ ਉਹ ਅਵਸਥਾ, ਜਦੋਂ ਉਸ ਦੀਆਂ ਕੁੱਝ ਵ੍ਰਿਤੀਆਂ ਰੁੱਕ ਗਈਆਂ ਹਨ, ਪਰ ਅਜੇ ਵੀ ਚਿੱਤ ਵਿੱਚ ਆਪਣੇ ਆਪ ਦਾ ਅਤੇ ਆਪਣੇ ਚਿੰਤਨ ਕੀਤੇ ਜਾ ਰਹੇ ਵਿਸ਼ੇ ਦਾ ਗਿਆਨ ਬਣਿਆ ਰਹਿੰਦਾ ਹੈ। ਇਹ ਸਮਾਧੀ ਦੀ ਉਹ ਅਵਸਥਾ ਹੈ, ਜਦੋਂ ਚਿੱਤ ਵਿੱਚ 'ਦੋ' ਦੀ ਹੋਸ਼ ਬਣੀ ਰਹਿੰਦੀ ਹੈ। ਇੱਕ ਉਹ ਹੈ, ਜੋ ਜਾਣ ਰਿਹਾ ਹੈ ਤੇ ਦੂਜਾ ਉਹ ਹੈ, ਜਿਸ ਬਾਰੇ ਜਾਣਿਆ ਜਾ ਰਿਹਾ ਹੈ।

ਦੂਜੇ ਸ਼ਬਦਾਂ ਵਿੱਚ, ਇਹ ਉਹ ਅਵਸਥਾ ਹੈ, ਜਿੱਥੇ ਇੱਕ ਭਗਤ ਹੈ, ਤੇ ਦੂਜਾ ਭਗਵਾਨ। ਕਿਸੇ ਤੀਜੇ ਲਈ ਇੱਥੇ ਕੋਈ ਜਗ੍ਹਾ ਨਹੀਂ ਹੈ।

ਸੰਪਰਗਿਆਤ ਸਮਾਧੀ ਤੇ ਸਵੈ-ਸੰਮੋਹਨ

ਸੰਮੋਹਨ ਜਦੋਂ ਆਪਣੇ-ਆਪ ਉੱਤੇ ਕੀਤਾ ਜਾਏ, ਤਾਂ ਉਸ ਨੂੰ ਸਵੈ-ਸੰਮੋਹਨ (Self-Hynotism) ਆਖਿਆ ਜਾਂਦਾ ਹੈ। ਮਨ ਨੂੰ ਕਿਸੇ ਵੀ ਧਾਰਣਾ (ਕਿਸੇ ਲਫ਼ਜ਼, ਆਵਾਜ਼ ਜਾਂ ਵਸਤੂ ਆਦਿ) ਉੱਤੇ ਟਿਕਾ ਕੇ ਸਵੈ-ਸੰਮੋਹਨ ਦੀ ਸਥਿੱਤੀ ਵਿੱਚ ਪਹੁੰਚਿਆ ਜਾ ਸਕਦਾ ਹੈ। ਇਹ ਮਨ ਨੂੰ ਇਕਾਗਰ ਕਰਨ ਦਾ ਤਰੀਕਾ ਹੈ । ਸਵੈ-ਸੰਮੋਹਨ ਮਾਨਸਿਕ-ਸ਼ਕਤੀ ਵਧਾਉਣ ਦਾ ਇੱਕ ਬਹੁਤ ਵਧੀਆ ਉਪਾਅ ਮੰਨਿਆ ਜਾਂਦਾ ਹੈ।

ਸਵੈ-ਸੰਮੋਹਨ ਦੀ ਅਜਿਹੀ ਸਥਿੱਤੀ ਆਪਣੀ ਇੱਛਾ ਨਾਲ ਪੈਦਾ ਕੀਤੀ ਜਾਂਦੀ ਹੈ। ਪ੍ਰੰਤੂ, ਕਦੇ-ਕਦੇ ਆਪਣੀ ਇੱਛਾ ਤੋਂ ਬਿਨ੍ਹਾਂ ਵੀ ਸਵੈ-ਸੰਮੋਹਨ ਦੀ ਸਥਿੱਤੀ ਪੈਦਾ ਹੋ ਜਾਂਦੀ ਹੈ।

ਉਦਾਹਰਣ ਵਜੋਂ, 'ਹਾਈ-ਵੇਅ ਹਿਪਨੋਸਿਸ' (High Way Hypnosis) ਸਵੈ-ਸੰਮੋਹਨ ਦੀ ਇੱਕ ਅਜਿਹੀ ਹੀ ਸਥਿੱਤੀ ਹੈ, ਜਦੋਂ ਕੋਈ ਵਿਅਕਤੀ ਆਪਣੀ ਇੱਛਾ ਤੋਂ ਬਿਨ੍ਹਾਂ ਹੀ ਅਜਿਹੀ ਸਥਿੱਤੀ ਵਿੱਚ ਪੁੱਜ ਜਾਂਦਾ ਹੈ।

'ਹਾਈ-ਵੇਅ ਹਿਪਨੋਸਿਸ' (High Way Hypnosis) ਬਾਰੇ ਅਸੀਂ ਪਿੱਛੇ ਜ਼ਿਕਰ ਕਰ ਚੁੱਕੇ ਹਾਂ। ਅਸੀਂ ਦੱਸ ਚੁੱਕੇ ਹਾਂ ਕਿ ਕਈ ਵਾਰ ਕੋਈ ਗੱਡੀ-ਚਾਲਕ (Driver) ਦਾ ਚਿੱਤ ਇੱਕ ਅਜਿਹੀ ਸਥਿੱਤੀ ਵਿੱਚ ਪਹੁੰਚ ਜਾਂਦਾ ਹੈ, ਜਿੱਥੇ ਉਹ ਸੜਕ ਉੱਤੇ ਉਕਰੀ ਹੋਈ ਚਿੱਟੀ ਰੇਖਾ ਨਾਲ ਹੀ ਇੱਕ-ਰੂਪ ਹੋ ਜਾਂਦਾ ਹੈ। ਉਸ ਸਮੇਂ ਉਹ ਬਾਕੀ ਸਭ ਕੁੱਝ ਭੁੱਲ ਜਾਂਦਾ ਹੈ। ਇੱਥੋਂ ਤਕ ਕਿ ਉਸ ਨੂੰ ਇਹ ਵੀ ਚੇਤਾ ਨਹੀਂ ਰਹਿੰਦਾ ਕਿ ਉਹ ਕੋਈ ਗੱਡੀ ਚਲਾ ਰਿਹਾ ਹੈ ਜਾਂ ਯਾਤਰਾ ਕਰ ਰਿਹਾ ਹੈ। ਫਿਰ ਵੀ ਉਹ ਗੱਡੀ ਚਲਾਉਂਦਿਆਂ ਆਪਣਾ ਸਫ਼ਰ ਪੂਰਾ ਕਰ ਲੈਂਦਾ ਹੈ। ਅਜਿਹੀ ਸਥਿੱਤੀ ਵਿੱਚ ਅਕਸਰ ਦੁਰਘਟਨਾ ਵੀ ਵਾਪਰ ਜਾਂਦੀ ਹੈ, ਪਰ ਚਾਲਕ ਨੂੰ ਉਸ ਦੁਰਘਟਨਾ ਦੇ ਕਾਰਣ ਦਾ ਕੁੱਝ ਪਤਾ ਨਹੀਂ ਚਲਦਾ, ਕਿਉਂਕਿ ਦੁਰਘਟਨਾ ਵੇਲੇ ਉਹ 'ਹਾਈ-ਵੇਅ ਹਿਪਨੋਸਿਸ' (High Way Hypnosis) ਦੀ ਅਵਸਥਾ ਵਿੱਚ ਪੁੱਜਾ ਹੋਇਆ ਸੀ।

'ਹਾਈ-ਵੇਅ ਹਿਪਨੋਸਿਸ' (High Way Hypnosis) ਵਰਗੀ ਕਿਸੀ ਵੀ ਅਵਸਥਾ ਨੂੰ ਸੰਪਰਗਿਆਤ ਸਮਾਧੀ ਨਹੀਂ ਸਮਝ ਲੈਣਾ ਚਾਹੀਦਾ। ਸੰਪਰਗਿਆਤ ਸਮਾਧੀ ਵਿੱਚ ਚਿੱਤ ਦਾ ਵਿਸ਼ਾ ਸਾਧਕ ਦਾ ਇਸ਼ਟ ਹੁੰਦਾ ਹੈ । ਸੰਪਰਗਿਆਤ ਸਮਾਧੀ ਵਿੱਚ ਸਾਧਕ ਆਪਣੇ ਇਸ਼ਟ ਦਾ ਧਿਆਨ ਕਰ ਰਿਹਾ ਹੈ।

ਸੰਪਰਗਿਆਤ ਸਮਾਧੀ ਦੋ ਪ੍ਰਕਾਰ ਦੀ ਹੁੰਦੀ ਹੈ: -

੧. ਬਾਹਰਮੁਖ ਸੰਪਰਗਿਆਤ ਸਮਾਧੀ,
੨. ਅੰਤਰਮੁਖ ਸੰਪਰਗਿਆਤ ਸਮਾਧੀ।

ਬਾਹਰਮੁਖ ਸੰਪਰਗਿਆਤ ਸਮਾਧੀ

ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਚਿੱਤ ਨੂੰ ਜਿਸ ਵਿਸ਼ੇ ਜਾਂ ਵਸਤੂ ਆਦਿ ਉੱਤੇ ਟਿਕਾਇਆ ਜਾਂਦਾ ਹੈ, ਉਹ ਵਸਤੂ ਸਾਧਕ ਦੇ ਸਰੀਰ ਤੋਂ ਬਾਹਰ ਮੌਜੂਦ ਹੁੰਦੀ ਹੈ। ਕਿਸੇ ਰੂਪ ਜਾਂ ਆਕਾਰ ਉੱਤੇ ਧਿਆਨ ਲਗਾ ਕੇ ਕੀਤੀ ਜਾ ਰਹੀ ਸਾਧਨਾ ਰਾਹੀਂ ਸਾਧਕ ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਵਿੱਚ ਪੁੱਜ ਸਕਦਾ ਹੈ। ਕਿਸੇ ਮੰਤਰ ਆਦਿ ਦਾ ਜਾਪ, ਕਿਸੇ ਤੰਤਰ ਜਾਂ ਜੰਤਰ ਆਦਿ ਦੀ ਵਰਤੋਂ ਵੀ ਐਸੀ ਹੀ ਸਾਧਨਾ ਦਾ ਹਿੱਸਾ ਹੁੰਦੀ ਹੈ। ਕਿਸੇ ਸ਼ਬਦ (Word) ਦੇ ਸ਼ਬਦ-ਜੋੜਾਂ (Spellings) ਉੱਤੇ ਧਿਆਨ ਲਗਾਉਣਾ ਵੀ ਬਿਲਕੁਲ ਉਂਝ ਹੀ ਹੈ, ਜਿਵੇਂ ਕਿਸੇ ਮੂਰਤੀ ਜਾਂ ਤਸਵੀਰ ਉੱਤੇ ਧਿਆਨ ਟਿਕਾਉਣਾ। ਦੋਹਾਂ ਹਾਲਤਾਂ ਵਿੱਚ ਕਿਸੇ ਆਕਾਰ ਉੱਤੇ ਹੀ ਧਿਆਨ ਲਗਾਇਆ ਜਾ ਰਿਹਾ ਹੁੰਦਾ ਹੈ । ਇਸੇ ਪ੍ਰਕਾਰ, ਕਿਸੇ ਆਵਾਜ਼ ਵਿਸ਼ੇਸ਼ ਉੱਤੇ ਧਿਆਨ ਲਗਾ ਕੇ ਸਮਾਧੀ ਦੀ ਸਥਿੱਤੀ ਵਿੱਚ ਪੁੱਜਣਾ ਵੀ ਇਸੇ ਅਵਸਥਾ ਵਿੱਚ ਹੀ ਹੁੰਦਾ ਹੈ । ਕੋਈ ਵੀ ਅਜਿਹਾ ਸਾਧਕ, ਜੋ ਕਿਸੇ ਵਿਅਕਤੀ, ਦਰਖ਼ਤ, ਸੂਰਜ, ਚੰਦ, ਤਾਰੇ, ਤਸਵੀਰ ਜਾਂ ਮੂਰਤੀ, ਮੰਤਰ, ਤੰਤਰ, ਜਾਂ ਜੰਤਰ ਆਦਿ ਉੱਤੇ ਧਿਆਨ ਲਗਾਉਣ ਦਾ ਅਭਿਆਸ ਕਰਦਾ ਹੈ, ਉਹ ਸਮਾਧੀ ਦੀ ਜਿਹੜੀ ਅਵਸਥਾ ਵਿੱਚ ਪੁੱਜ ਸਕਦਾ ਹੈ, ਉਸ ਨੂੰ ਬਾਹਰਮੁਖ ਸੰਪਰਗਿਆਤ ਸਮਾਧੀ ਆਖਦੇ ਹਨ । ਇਸੇ ਨੂੰ ਯੋਗ ਦੇ ਗ੍ਰੰਥਾਂ ਵਿੱਚ ਵਿਤਰਕਾਨੁਗਤ ਸੰਪਰਗਿਆਤ ਸਮਾਧੀ ਆਖਿਆ ਗਿਆ ਹੈ । ਕਿਸੇ ਵੀ ਸਥੂਲ ਵਿਸ਼ੇ (ਸ਼ਬਦ/ਆਵਾਜ਼, ਸਪਰਸ਼, ਰੂਪ, ਰਸ, ਤੇ ਗੰਧ) ਬਾਰੇ ਧਿਆਨ ਕਰ ਕੇ ਸਮਾਧੀ ਦੀ ਜਿਸ ਅਵਸਥਾ ਵਿੱਚ ਪਹੁੰਚਿਆ ਜਾਂਦਾ ਹੈ, ਉਹ ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਹੁੰਦੀ ਹੈ।

ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ ਆਵਈ ॥
ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ ॥
ਨ ਕਰਮ ਮੈ ਨ ਧਰਮ ਮੈ ਨ ਭਰਮ ਮੈ ਬਤਾਈਐ ॥
ਅਗੰਜ ਆਦਿ ਦੇਵ ਹੈ ਕਹੋ ਸੁ ਕੈਸ ਪਾਈਐ॥੫॥੧੬੫॥
(੧੬੫, ਅਕਾਲ ਉਸਤਤ, ਸ੍ਰੀ ਦਸਮ ਗ੍ਰੰਥ ਸਾਹਿਬ)।

ਨ ਤੰਤ੍ਰ ਹੈ ਨ ਮੰਤ੍ਰ ਹੈ ਨ ਜੰਤ੍ਰ ਕੋ ਸਰੂਪ ਹੈ ॥

(੧੬੯, ਅਕਾਲ ਉਸਤਤ, ਸ੍ਰੀ ਦਸਮ ਗ੍ਰੰਥ ਸਾਹਿਬ) ।

ਨ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਬਨਾਉ ਹੈ ॥
(੧੭੦, ਅਕਾਲ ਉਸਤਤ, ਸ੍ਰੀ ਦਸਮ ਗ੍ਰੰਥ ਸਾਹਿਬ) ।

ਸਾਧਕ ਦੇ ਸਰੀਰ ਤੋਂ ਬਾਹਰ ਅਸੰਖ ਵਸਤੂਆਂ ਹਨ, ਜਿਨ੍ਹਾਂ ਦਾ ਧਿਆਨ ਕੀਤਾ ਜਾ ਸਕਦਾ ਹੈ । ਇਨ੍ਹਾਂ ਅਸੰਖ ਵਸਤੂਆਂ ਦੇ ਧਿਆਨ ਦੌਰਾਨ ਚਿੱਤ ਦੀਆਂ ਵੀ ਅਸੰਖ ਵ੍ਰਿਤੀਆਂ ਬਣ ਜਾਂਦੀਆਂ ਹਨ । ਇਨ੍ਹਾਂ ਸਭ ਦਾ ਵਰਣਨ ਕਰਨਾ ਅਸੰਭਵ ਹੈ । ਇਸਲਈ ਸਾਰੇ ਸਥੂਲ ਆਕਾਰਾਂ ਨੂੰ ਇੱਕ ਹੀ ਵਰਗ ਵਿੱਚ ਗਿਣ ਕੇ 'ਬਾਹਰਮੁਖ ਸੰਪਰਗਿਆਤ ਸਮਾਧੀ' ਨੂੰ ਸਮਾਧੀ ਦੀ ਇੱਕ ਹੀ ਕਿਸਮ ਮੰਨ ਕੇ ਇੱਥੇ ਵੀਚਾਰ ਕੀਤੀ ਜਾ ਰਹੀ ਹੈ ।

ਇਹ ਧਿਆਨ ਰਹੇ ਕਿ ਜਿਸ ਵਸਤੂ (ਰੂਪ ਜਾਂ ਆਕਾਰ) ਆਦਿ ਦਾ ਧਿਆਨ ਕੀਤਾ ਜਾ ਰਿਹਾ ਹੈ (ਧਯੇਯ ਵਸਤੂ), ਉਹ ਸਰੀਰ ਤੋਂ ਬਾਹਰ ਹੈ, ਪਰ ਸਮਾਧੀ ਅੰਦਰ ਚਿੱਤ ਵਿੱਚ ਹੀ ਲੱਗ ਰਹੀ ਹੁੰਦੀ ਹੈ ।

ਸਾਧਕ ਆਪਣੇ ਚਿੱਤ ਨੂੰ ਕਿਸੀ ਦਰਖ਼ਤ, ਸੂਰਜ, ਚੰਦ, ਤਾਰੇ, ਤਸਵੀਰ, ਮੂਰਤੀ, ਮੰਤ੍ਰ, ਜੰਤ੍ਰ, ਜਾਂ ਤੰਤ੍ਰ ਆਦਿ ਉੱਤੇ ਟਿਕਾ ਕੇ ਉਸ ਨੂੰ ਇੱਕ ਸੁਝਾਅ ਦੇ ਰਿਹਾ ਹੁੰਦਾ ਹੈ । ਮਨ ਬਹੁਤ ਸ਼ਕਤੀਸ਼ਾਲੀ ਕਰਣ (ਸਾਧਨ) ਹੈ । ਜਦੋਂ ਮਨ ਉਸ ਦਿੱਤੇ ਜਾ ਰਹੇ ਸੁਝਾਅ ਨੂੰ ਬਹੁਤ ਚੰਗੀ ਤਰ੍ਹਾਂ ਗ੍ਰਹਿਣ ਕਰ ਲੈਂਦਾ ਹੈ, ਤਾਂ ਉਹ ਉਸ ਤਸਵੀਰ ਜਾਂ ਮੂਰਤੀ ਦੇ ਸਾਹਮਣੇ ਨਾ ਹੋਣ ਦੇ ਬਾਵਜੂਦ ਵੀ (ਜਾਂ ਬੰਦ ਅੱਖਾਂ ਨਾਲ ਵੀ) ਉਸ ਨੂੰ ਦੇਖ ਰਿਹਾ ਮਹਿਸੂਸ ਕਰਦਾ ਹੈ । ਸਮ੍ਰਿਤੀ ਵਿੱਚ ਪਈ ਹੋਈ ਉਸ ਆਕ੍ਰਿਤੀ (ਮੂਰਤੀ ਜਾਂ ਤਸਵੀਰ) ਨੂੰ ਵਰਤ ਕੇ ਹੀ ਚਿੱਤ ਆਪਣੀ ਵ੍ਰਿਤੀ ਉਸ ਅਨੁਸਾਰ ਹੀ ਬਣਾ ਲੈਂਦਾ ਹੈ ਤੇ ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਵਿੱਚ ਚਲਾ ਜਾਂਦਾ ਹੈ ।

ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਵਿੱਚ ਅੰਤਹਕਰਣ ਦੇ ਸਾਰੇ ਅੰਗ (ਮਨ, ਬੁੱਧੀ, ਅਹੰਕਾਰ ਤੇ ਅਸਮਿਤਾ) ਵਰਤੇ ਜਾਂਦੇ ਹਨ । ਸਮਾਧੀ ਮਨ ਦੀ ਭੂਮੀ ਉੱਤੇ ਲੱਗਦੀ ਹੈ । ਪ੍ਰੰਤੂ ਮਨ ਜਿਸ ਵਸਤੂ ਦਾ ਮਨਨ ਕਰਦਾ ਹੈ, ਉਹ ਸਰੀਰ ਤੋਂ ਬਾਹਰ ਮੌਜੂਦ ਹੁੰਦੀ ਹੈ । ਸਾਧਕ ਆਪਣੀ ਹੋਂਦ ਨੂੰ ਆਪਣੇ ਸਰੀਰ ਸਹਿਤ ਮਹਿਸੂਸ ਕਰਦਾ ਹੈ । ਉਹ ਆਪਣੇ ਆਪ ਨੂੰ ਤੇ ਮਨ, ਬੁੱਧੀ, ਅਹੰਕਾਰ ਤੇ ਅਸਮਿਤਾ ਨੂੰ ਵੱਖ-ਵੱਖ ਅਨੁਭਵ ਕਰਨ ਤੋਂ ਅਸਮਰਥ ਹੁੰਦਾ ਹੈ । ਇੱਥੇ 'ਦੋ' ਦੀ ਹੋਂਦ ਮੌਜੂਦ ਹੈ । ਇਨ੍ਹਾਂ 'ਦੋ' ਵਿੱਚ ਇੱਕ ਉਹ ਆਪ (ਸਰੀਰ ਤੇ ਨਾਮ ਆਦਿ ਸਹਿਤ) ਹੈ ਤੇ ਦੂਜਾ ਉਸਦਾ ਇਸ਼ਟ (ਧਯੇਯ) ।

ਬਾਹਰਮੁਖ ਸੰਪਰਗਿਆਤ ਸਮਾਧੀ ਦੇ ਦੋ ਭੇਦ ਹਨ: -

੧. ਸਵਿਤਰਕ ਸੰਪਰਗਿਆਤ ਸਮਾਧੀ, ਤੇ
੨. ਨਿਰਵਿਤਰਕ ਸੰਪਰਗਿਆਤ ਸਮਾਧੀ ।

ਜਦੋਂ ਕਿਸੇ ਵਸਤੂ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਉਸ ਵਸਤੂ ਬਾਰੇ ਤਿੰਨ ਭਾਵਨਾਵਾਂ ਜਾਣਨ ਵਾਲੇ ਦੇ ਮਨ ਵਿੱਚ ਹੁੰਦੀਆਂ ਹਨ । ਇਹ ਤਿੰਨ ਭਾਵਨਾਵਾਂ ਹਨ, ਸ਼ਬਦ, ਅਰਥ ਤੇ ਗਿਆਨ । ਉਦਾਹਰਣ ਵਜੋਂ, 'ਗੁਰੂ' ਇੱਕ ਸ਼ਬਦ ਹੈ, ਜਿਸ ਦਾ ਇੱਕ ਨਿਸ਼ਚਿਤ ਅਰਥ ਹੈ 'ਜੋ ਗਿਆਨ ਦਿੰਦਾ ਹੈ', ਤੇ ਇਸ 'ਗੁਰੂ' ਸ਼ਬਦ ਤੋਂ ਸਾਨੂੰ ਇੱਕ ਨਿਸ਼ਚਿਤ ਜਾਣਕਾਰੀ ਮਿਲਦੀ ਹੈ । ਇਸਤਰ੍ਹਾਂ, 'ਗੁਰੂ' ਤੋਂ ਸਾਨੂੰ ਤਿੰਨ ਭਾਵਨਾਵਾਂ ਪ੍ਰਾਪਤ ਹੋਈਆਂ, ੧. ਗੁਰੂ (ਸ਼ਬਦ), ੨. ਗੁਰੂ (ਅਰਥ), ਤੇ ੩ ਗੁਰੂ (ਗਿਆਨ)। ਇਨ੍ਹਾਂ ਤਿੰਨਾਂ ਭਾਵਨਾਵਾਂ ਤੋਂ ਮਿਲਵੇਂ ਰੂਪ ਵਿੱਚ ਸਾਨੂੰ ਇਹ ਜਾਣਕਾਰੀ ਮਿਲੀ ਕਿ ਲਫ਼ਜ਼ 'ਗੁਰੂ' ਉਸ ਵਿਅਕਤੀ ਆਦਿ ਬਾਰੇ ਵਰਤਿਆ ਜਾਂਦਾ ਹੈ, ਜਿਸ ਤੋਂ ਸਾਨੂੰ ਗਿਆਨ ਮਿਲਦਾ ਹੈ । ਪ੍ਰੰਤੂ ਇਹ ਵੀ ਤਾਂ ਹੋ ਸਕਦਾ ਹੈ ਕਿ ਕਿਸੇ ਕਾਰਣ ਸਾਨੂੰ ਲਫ਼ਜ਼ 'ਗੁਰੂ' ਤਾਂ ਯਾਦ ਨਾ ਰਹੇ, ਪਰ ਇਹ ਭਾਵਨਾ ਬਣੀ ਰਹੇ ਕਿ ਇਹ ਉਹ ਹੈ, ਜਿਸ ਤੋਂ ਸਾਨੂੰ ਗਿਆਨ ਪ੍ਰਾਪਤ ਹੁੰਦਾ ਹੈ । ਇਸ ਸਥਿੱਤੀ ਵਿੱਚ ਸਾਨੂੰ ਇਹ ਤਾਂ ਯਾਦ ਨਹੀਂ ਰਿਹਾ ਕਿ ਲਫ਼ਜ਼ (ਗੁਰੂ) ਕੀ ਸੀ, ਪਰ ਇਹ ਯਾਦ ਰਿਹਾ ਕਿ 'ਉਹ ਵਿਅਕਤੀ ਆਦਿ, ਜੋ ਗਿਆਨ ਦਿੰਦਾ ਹੈ' । ਕਈ ਵਾਰ ਅਜਿਹਾ ਹੋ ਜਾਂਦਾ ਹੈ ਕਿ ਕਿਸੇ ਵਿਅਕਤੀ ਨੂੰ ਕਿਸੇ ਗ੍ਰੰਥ ਦੀ ਕੋਈ ਪੰਕਤੀ ਤਾਂ ਯਾਦ ਨਹੀਂ ਰਹਿੰਦੀ, ਪਰ ਉਸ ਦਾ ਸਮੁੱਚਾ ਅਰਥ ਉਸਨੂੰ ਬਿਲਕੁਲ ਠੀਕ-ਠੀਕ ਪਤਾ ਹੁੰਦਾ ਹੈ ।

ਜਦੋਂ ਸਮਾਧੀ ਵਿੱਚ 'ਸ਼ਬਦ', 'ਅਰਥ' ਤੇ 'ਗਿਆਨ' ਦੀ ਭਾਵਨਾ ਬਣੀ ਰਹੇ, ਤਾਂ ਉਹ ਸਵਿਤਰਕ ਸੰਪਰਗਿਆਤ ਸਮਾਧੀ ਦੀ ਅਵਸਥਾ ਹੈ ਤੇ ਜਦੋਂ 'ਸ਼ਬਦ' ਦੀ ਭਾਵਨਾ ਖ਼ਤਮ ਹੋ ਜਾਏ, ਪਰ ਉਸ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਦੀ ਭਾਵਨਾ ਬਣੀ ਰਹੇ, ਤਾਂ ਇਹ ਨਿਰਵਿਤਰਕ ਸੰਪਰਗਿਆਤ ਸਮਾਧੀ ਦੀ ਅਵਸਥਾ ਹੈ ।

ਆਪਣੇ ਇਸ਼ਟ ਦੇਵਤਾ ਦਾ ਧਿਆਨ ਕਰਨ ਵਾਲਾ ਕੋਈ ਸਾਧਕ ਆਪਣੇ ਇਸ਼ਟ ਦੇਵਤਾ ਦਾ 'ਨਾਮ', ਉਸ ਦਾ 'ਅਰਥ' (ਕਿ ਇਸ ਨਾਮ ਦਾ ਅਰਥ ਇਹ ਇਸ਼ਟ ਦੇਵਤਾ ਹੈ) ਤੇ ਉਸ ਸ਼ਬਦ/ਨਾਮ ਤੋਂ ਪ੍ਰਾਪਤ 'ਗਿਆਨ' (ਕਿ ਇਹ ਮੇਰਾ ਇਸ਼ਟ ਹੈ), ਇਨ੍ਹਾਂ ਤਿੰਨ ਚੀਜ਼ਾਂ ਨੂੰ ਯਾਦ ਰੱਖਦਾ ਹੈ । ਅਜਿਹੀ ਸਥਿੱਤੀ ਵਿੱਚ ਜਦੋਂ ਉਹ ਸਮਾਧੀ ਵਿੱਚ ਪੁੱਜਦਾ ਹੈ, ਤਾਂ ਉਹ ਸਵਿਤਰਕ ਸੰਪਰਗਿਆਤ ਸਮਾਧੀ ਹੁੰਦੀ ਹੈ । ਪ੍ਰੰਤੂ, ਅਜਿਹਾ ਵੀ ਹੋ ਸਕਦਾ ਹੈ ਕਿ ਉਸ ਨੂੰ ਆਪਣੇ ਇਸ਼ਟ ਦਾ ਨਾਮ (ਜੋ ਕਿ ਇੱਕ ਲਫ਼ਜ਼ ਹੀ ਹੈ) ਵੀ ਯਾਦ ਨਾ ਰਹੇ, ਪਰ ਉਸ ਦਾ ਅਰਥ ਯਾਦ ਰਹੇ ਕਿ ਇਹ ਮੇਰਾ ਇਸ਼ਟ ਹੈ । ਸਮਾਧੀ ਦੀ ਅਜਿਹੀ ਸਥਿੱਤੀ ਨਿਰਵਿਤਰਕ ਸੰਪਰਗਿਆਤ ਸਮਾਧੀ ਹੈ । ਅਜਿਹੀ ਸਥਿੱਤੀ ਵਿੱਚ ਭਾਵੇਂ 'ਸ਼ਬਦ' (ਲਫ਼ਜ਼) ਦੀ ਹੋਂਦ ਨਹੀਂ ਰਹਿੰਦੀ, ਪਰ ਸਥੂਲ ਆਕਾਰ ਦੀ ਮੌਜੂਦਗੀ ਬਣੀ ਰਹਿੰਦੀ ਹੈ ।

ਬਾਹਰਮੁਖ ਸੰਪਰਗਿਆਤ ਸਮਾਧੀ ਬ੍ਰਹਮਗਿਆਨ ਦੀ ਅਵਸਥਾ ਨਹੀਂ ਹੈ। ਇਹ ਆਪਣੇ ਨਿਜ-ਘਰ (ਸਵਰੂਪ-ਸਥਿਤੀ) ਵਿੱਚ ਟਿੱਕਣਾ ਨਹੀਂ ਹੈ।

ਜਦੋਂ ਚਿੱਤ ਨੂੰ ਕਿਸੇ ਵਿਅਕਤੀ, ਤਸਵੀਰ ਜਾਂ ਮੂਰਤੀ ਆਦਿ (ਧਯੇਯ) ਦੇ ਰੂਪ ਵਿੱਚ ਧਿਆਨ ਕਰਨ ਲਈ ਕੋਈ ਸੁਝਾਅ ਦਿੱਤਾ ਜਾਂਦਾ ਹੈ, ਤਾਂ ਉਹ ਉਸ ਤਸਵੀਰ ਜਾਂ ਮੂਰਤੀ ਦੇ ਆਕਾਰ ਦੀ ਹੀ ਬ੍ਰਿਤੀ ਧਾਰਣ ਕਰ ਲੈਂਦਾ ਹੈ। ਮਗਰੋਂ ਜਦੋਂ ਉਹ ਉਸ ਧਯੇਯ ਵਸਤੂ ਦੇ ਮੌਜੂਦ ਨਾ ਹੋਣ ਸਮੇਂ ਉਸ ਦਾ ਧਿਆਨ ਕਰਦਾ ਹੈ, ਤਾਂ ਉਹ ਉਸ ਧਯੇਯ ਵਸਤੂ ਦੇ ਉਸ ਸਰੂਪ ਦੀ ਵਰਤੋਂ ਕਰਦਾ ਹੈ, ਜੋ ਉਸ ਦੀ ਸਮ੍ਰਿਤੀ/ਚੇਤੇ (Memory) ਵਿੱਚ ਹੈ। ਆਪਣੀ ਸਮ੍ਰਿਤੀ ਨੂੰ ਠੀਕ ਤਰ੍ਹਾਂ ਨਾ ਵਰਤ ਸਕਣ ਕਾਰਣ ਬਹੁਤ ਵਾਰ ਚਿੱਤ ਯਾਦਦਾਸ਼ਤ ਵਿੱਚ ਪਈ ਧਯੇਯ ਵਸਤੂ ਦੇ ਆਕਾਰ ਨੂੰ ਠੀਕ ਤਰ੍ਹਾਂ ਯਾਦ ਨਹੀਂ ਕਰ ਸਕਦਾ, ਪਰ ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਪਹੁੰਚ ਜਾਂਦਾ ਹੈ । ਇਹ ਹੀ ਕਾਰਣ ਹੈ ਕਿ ਬਹੁਤ ਸਾਰੇ ਅਜਿਹੇ ਸਾਧਕ, ਜੋ ਬਾਹਰਮੁਖ ਸੰਪਰਗਿਆਤ ਸਮਾਧੀ ਦਾ ਅਨੁਭਵ ਕਰਦੇ ਹਨ, ਉਹ ਆਪਣੀ ਧਿਆਨ ਕੀਤੀ ਜਾ ਰਹੀ ਧਯੇਯ ਵਸਤੂ ਦਾ ਰੂਪ ਪ੍ਰਚਲਿਤ ਰੂਪ ਨਾਲੋਂ ਵੱਖਰਾ ਬਿਆਨ ਕਰਦੇ ਹਨ।

ਉਦਾਹਰਣ ਵਜੋਂ, ਸ੍ਰੀ ਕ੍ਰਿਸ਼ਨ ਜੀ ਦੀ ਕਿਸੇ ਵੀ ਪ੍ਰਚਲਿਤ ਤਸਵੀਰ ਦਾ ਧਿਆਨ ਕਰਨ ਵਾਲਾ ਸਾਧਕ ਕ੍ਰਿਸ਼ਨ ਜੀ ਨੂੰ ਮੁਕਟ, ਬਾਂਸੁਰੀ ਆਦਿ ਤੋਂ ਬਿਨ੍ਹਾਂ ਹੀ ਦੇਖਦਾ ਮਹਿਸੂਸ ਕਰ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਸੀ ਪ੍ਰਚਲਿਤ ਤਸਵੀਰ ਦਾ ਧਿਆਨ ਕਰਨ ਵਾਲਾ ਸਾਧਕ ਉਨ੍ਹਾਂ ਨੂੰ ਕਲਗ਼ੀ ਤੋਂ ਬਿਨ੍ਹਾਂ ਦੇਖ ਸਕਦਾ ਹੈ । ਚੰਦਰਮਾ ਦੇ ਰੂਪ ਦਾ ਧਿਆਨ ਕਰਨ ਵਾਲਾ ਕੋਈ ਸਾਧਕ ਚੰਦਰਮਾ ਦੇ ਅਜਿਹੇ ਰੂਪ ਨੂੰ ਦੇਖ ਸਕਦਾ ਹੈ, ਜੋ ਚੰਦਰਮਾ ਦਾ ਅਸਲ ਰੂਪ ਨਹੀਂ ਹੈ।

ਕਈ ਵਾਰ ਉਸ ਦੇ ਅੰਦਰ ਦੱਬੇ ਹੋਏ ਸੰਸਕਾਰ ਪ੍ਰਗਟ ਹੋ ਕੇ ਆਪਣਾ ਪ੍ਰਭਾਵ ਪਾ ਜਾਂਦੇ ਹਨ। ਅਜਿਹੀ ਸਥਿੱਤੀ ਵਿੱਚ ਜਦੋਂ ਕੋਈ ਸਾਧਕ ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਜਾਂਦਾ ਹੈ, ਤਾਂ ਉਸ ਨੂੰ ਦੋ ਪ੍ਰਕਾਰ ਦਾ ਤਜੁਰਬਾ ਹੋ ਸਕਦਾ ਹੈ। ਪਹਿਲਾ ਤਾਂ ਇਹ ਕਿ ਉਸ ਦੇ ਅੰਦਰਲੇ ਤਾਮਸਿਕ ਸੰਸਕਾਰਾਂ ਦਾ ਉਦੇ ਹੋ ਜਾਏ, ਦੂਜਾ ਇਹ ਕਿ ਉਸਦੇ ਅੰਦਰਲੇ ਸਾਤਵਿਕ ਸੰਸਕਾਰਾਂ ਦਾ ਉਦੇ ਹੋ ਜਾਏ। ਤਾਮਸਿਕ ਸੰਸਕਾਰਾਂ ਦੇ ਪ੍ਰਗਟ ਹੋਣ ਨਾਲ ਉਸ ਨੂੰ ਡਰਾਵਣੇ ਆਕਾਰ ਦਿਖਾਈ ਦੇ ਸਕਦੇ ਹਨ ਤੇ ਸਾਤਵਿਕ ਸੰਸਕਾਰਾਂ ਦੇ ਉਦੇ ਹੋਣ ਨਾਲ ਉਸ ਨੂੰ ਸ਼ਾਂਤ ਰੂਪ ਜਾਂ ਆਕਾਰ ਦਿਖਾਈ ਦੇ ਸਕਦੇ ਹਨ।

ਅਜਿਹਾ ਵੀ ਮੁਮਕਿਨ ਹੈ ਕਿ ਚਿੱਤ ਧਯੇਯ ਵਸਤੂ ਤੇ ਸਮ੍ਰਿਤੀ/ਚੇਤੇ ਵਿੱਚ ਪਈ ਕਿਸੇ ਹੋਰ ਵਸਤੂ ਦੇ ਆਕਾਰ ਨੂੰ ਮਿਲਾ ਕੇ ਕੋਈ ਬਿਲਕੁਲ ਹੀ ਨਵਾਂ ਆਕਾਰ ਸਿਰਜ ਕੇ ਉਸ ਵਿੱਚ ਹੀ ਸਮਾਧੀ ਲਗਾ ਲਏ ।

ਬਾਹਰਮੁਖ ਸਮਾਧੀ ਵਿੱਚ ਆਪਣੇ ਇਸ਼ਟ ਦਾ ਧਿਆਨ ਕਰਨ ਲੱਗਿਆਂ ਬੜੀ ਬਾਰੀਕੀ ਨਾਲ ਇਸ਼ਟ ਦੇ ਬਾਹਰੀ (ਸਥੂਲ) ਰੂਪ ਦੀ ਕਲਪਨਾ ਕੀਤੀ ਜਾਂਦੀ ਹੈ। ਉਦਾਹਰਣ ਵਜੋਂ, ਪੁਰਾਣਾਂ ਵਿੱਚ ਵਾਸੁਦੇਵ ਦਾ ਧਿਆਨ ਕਰਨ ਲਈ ਵਾਸੁਦੇਵ ਦੇ ਰੂਪ ਦਾ ਬਹੁਤ ਬਾਰੀਕੀ ਨਾਲ ਵਰਣਨ ਕੀਤਾ ਗਿਆ ਹੈ। ਇਹ ਵਰਣਨ ਕਾਲਪਨਿਕ ਹੈ। ਵਾਸੁਦੇਵ ਦੇ ਰੂਪ ਦੀ ਇਹ ਕਲਪਨਾ ਪੁਰਾਣਕਾਰ ਦੀ ਆਪਣੀ ਕਲਪਨਾ ਹੈ। ਪੁਰਾਣਾਂ ਦਾ ਅਧਿਐਨ ਕਰਨ ਤੋਂ ਬਾਅਦ ਕੋਈ ਸਾਧਕ ਵਾਸੁਦੇਵ ਦੀ ਕਾਲਪਨਿਕ ਮੂਰਤੀ (ਜਾਂ ਆਕਾਰ) ਆਪਣੇ ਚਿੱਤ ਵਿੱਚ ਸਿਰਜ ਲੈਂਦਾ ਹੈ। ਹੁਣ ਸਾਧਕ ਆਪਣੇ ਇਸ਼ਟ ਦੇ ਉਸ ਕਾਲਪਨਿਕ ਰੂਪ ਦਾ ਧਿਆਨ ਕਰਦਾ ਹੈ। ਇਹ (ਪੁਰਾਣਕਾਰ ਦੀ) ਕਲਪਨਾ ਦੀ (ਸਾਧਕ ਵੱਲੋਂ ਕੀਤੀ ਜਾ ਰਹੀ) ਕਲਪਨਾ ਦਾ ਧਿਆਨ ਕਰਨਾ ਹੈ।

ਵਾਸੁਦੇਵ ਦਾ ਜੋ ਰੂਪ ਪੁਰਾਣਾਂ ਵਿੱਚ ਚਿੱਤਰਿਆ ਗਿਆ ਹੈ, ਉਸ ਦੀ ਕਲਪਨਾ ਕਰ ਕੇ ਕੋਈ ਚਿੱਤਰਕਾਰ ਜਾਂ ਮੂਰਤੀਕਾਰ ਵਾਸੁਦੇਵ ਦੀ ਤਸਵੀਰ ਜਾਂ ਮੂਰਤੀ ਬਣਾ ਦਿੰਦਾ ਹੈ। ਕੋਈ ਸਾਧਕ ਇਸ ਚਿੱਤਰ ਜਾਂ ਮੂਰਤੀ ਦਾ ਧਿਆਨ ਕਰਨਾ ਸ਼ੁਰੂ ਕਰ ਦਿੰਦਾ ਹੈ। ਜਦੋਂ ਉਹ ਮੂਰਤੀ ਨਾ ਹੋਣ ਦੀ ਸਥਿੱਤੀ ਵਿੱਚ ਉਸ ਦਾ (ਅੱਖਾਂ ਬੰਦ ਕਰਕੇ) ਧਿਆਨ ਕਰਦਾ ਹੈ, ਤਾਂ ਇਹ ਪੁਰਾਣਕਾਰ ਦੀ ਕਲਪਨਾ ਨੂੰ (ਚਿੱਤਰਕਾਰ ਜਾਂ ਮੂਰਤੀਕਾਰ ਵੱਲੋਂ ਦਿੱਤੇ ਗਏ ਰੂਪ ਦੀ) ਆਪਣੇ ਚਿੱਤ ਵਿੱਚ ਕੀਤੀ ਗਈ ਕਲਪਨਾ ਦਾ ਧਿਆਨ ਹੈ।

ਵਾਸੁਦੇਵ ਦੇ ਇਸ ਕਾਲਪਨਿਕ ਰੂਪ ਦਾ ਇੱਕਾਗਰਤਾ ਨਾਲ ਧਿਆਨ ਕਰਨ ਨਾਲ ਚਿੱਤ ਦੀ ਇੱਕ ਖ਼ਾਸ ਅਵਸਥਾ ਬਣ ਜਾਂਦੀ ਹੈ। ਚਿੱਤ ਆਪਣੇ ਇਸ਼ਟ ਦਾ ਕਾਲਪਨਿਕ ਰੂਪ ਸਿਰਜ ਲੈਂਦਾ ਹੈ। ਇਹ ਬਾਹਰਮੁਖ ਸਮਾਧੀ ਦੀ ਅਵਸਥਾ ਹੈ।

ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਵੇਖੀ ਜਾਣ ਵਾਲੀ ਵਸਤੂ ਜਾਂ ਆਕਾਰ (ਰੂਪ) ਸਾਧਕ ਦੀ ਆਪਣੀ ਹੀ ਚਿੱਤਵ੍ਰਿਤੀ ਦਾ ਪ੍ਰਤੀਬਿੰਬ ਹੈ। ਇਹੀ ਕਾਰਣ ਹੈ ਕਿ ਕਮਜ਼ੋਰ ਚਿੱਤਵ੍ਰਿਤੀ ਵਾਲੇ ਆਪਣੇ ਇਸ਼ਟ ਦਾ ਅਜਿਹਾ ਰੂਪ ਵੇਖ ਲੈਂਦੇ ਹਨ, ਜਿਸ ਵਿੱਚ ਉਨ੍ਹਾਂ ਦਾ ਉਹ ਇਸ਼ਟ ਕਮਜ਼ੋਰ ਸਰੀਰ ਵਾਲਾ ਹੁੰਦਾ ਹੈ। ਸਤੋਗੁਣ ਪ੍ਰਧਾਨ ਵ੍ਰਿਤੀ ਵਾਲਾ ਸਾਧਕ ਆਪਣੇ ਇਸ਼ਟ ਨੂੰ ਰੌਸ਼ਨੀ ਦੇ ਰੂਪ ਵਿੱਚ ਵੇਖ ਸਕਦਾ ਹੈ। ਉਦਾਹਰਣ ਵਜੋਂ, ਕੋਈ ਸਾਧਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਲਗ਼ੀ ਤੋਂ ਬਿਨ੍ਹਾਂ ਇੱਕ ਨੂਰ ਦੇ ਰੂਪ ਵਿੱਚ ਦੇਖਦਾ ਹੈ ਤੇ ਇਹ ਪਹਿਚਾਣਦਾ ਵੀ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਹਨ, ਜਦਕਿ ਗੁਰੂ ਗੋਬਿੰਦ ਸਿੰਘ ਜੀ ਦਾ ਅਜਿਹਾ ਰੂਪ ਚਿੱਤਰਾਂ ਆਦਿ ਵਿੱਚ ਨਹੀਂ ਮਿਲਦਾ। ਅਜਿਹਾ ਇਸ ਕਾਰਣ ਹੋ ਜਾਂਦਾ ਹੈ ਕਿ ਸਾਧਕ ਦੀ ਆਪਣੀ ਚਿੱਤਵ੍ਰਿਤੀ ਹੀ ਸਤੋਗੁਣੀ ਪ੍ਰਕਾਸ਼ ਨਾਲ ਉੱਜਵਲ ਹੋਈ ਇੱਕ ਸਥੂਲ ਆਕਾਰ ਨੂੰ ਪ੍ਰਕਾਸ਼ ਦੇ ਰੂਪ ਵਿੱਚ ਵੇਖਣ ਲੱਗ ਜਾਂਦੀ ਹੈ।

ਕਿਸੇ ਵੀ ਆਕਾਰ ਜਾਂ ਰੂਪ ਆਦਿ ਦਾ ਵਾਰ-ਵਾਰ ਧਿਆਨ ਲਗਾਉਣ ਨਾਲ ਉਹ ਵਸਤੂ ਸਾਧਕ ਦੇ ਸੁਪਨਿਆਂ ਵਿੱਚ ਵੀ ਦਿਖਾਈ ਦੇਣ ਲੱਗ ਜਾਂਦੀ ਹੈ। ਅਜਿਹਾ ਵੀ ਅਕਸਰ ਹੋ ਜਾਂਦਾ ਹੈ ਕਿ ਸਾਧਕ ਸੁਪਨੇ ਵਿੱਚ ਦੇਖੀ ਗਈ ਆਪਣੀ ਧਯੇਯ ਵਸਤੂ ਤੇ ਸਮਾਧੀ ਵਿੱਚ ਦੇਖੀ ਗਈ ਆਪਣੀ ਧਯੇਯ ਵਸਤੂ ਵਿੱਚਲਾ ਅੰਤਰ ਵੀ ਨਹੀਂ ਸਮਝ ਸਕਦਾ। ਅਜਿਹੇ ਸਾਧਕ ਸੁਪਨੇ

ਵਿੱਚ ਦੇਖੀ ਗਈ ਆਪਣੀ ਧਯੇਯ ਵਸਤੂ ਨੂੰ ਸਮਾਧੀ ਵਿੱਚ ਦੇਖੀ ਗਈ ਧਯੇਯ ਵਸਤੂ ਆਖ-ਆਖ ਕੇ ਲੋਕਾਂ ਵਿੱਚ ਆਪਣਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਮੈਨੂੰ ਮੇਰੇ ਇਸ਼ਟ ਦੇਵਤਾ ਜਾਂ ਗੁਰੂ ਨੇ ਪ੍ਰਤੱਖ ਦਰਸ਼ਨ ਦਿੱਤੇ ਹਨ। ਲਾਈ-ਲੱਗ ਲੋਕ ਅਜਿਹੇ ਸਾਧਕ ਪਿੱਛੇ ਲੱਗ ਜਾਂਦੇ ਹਨ ਤੇ ਉਸ ਸਾਧਕ ਦਾ ਇਸ ਨਾਲ ਅਧਿਆਤਮਿਕ ਤੌਰ 'ਤੇ ਨੁਕਸਾਨ ਹੀ ਹੁੰਦਾ ਹੈ। ਅਜਿਹੇ ਸਾਧਕ ਪ੍ਰਭੂ-ਮਿਲਾਪ ਲਈ ਤੁਰੇ ਸਨ, ਪਰ ਚੇਲੇ ਬਨਾਉਣ ਵਿੱਚ ਹੀ ਉਨ੍ਹਾਂ ਨੇ ਆਪਣਾ ਚਿੱਤ ਲਗਾ ਲਿਆ।

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥
(੧੩੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਹਰਮੁਖ ਸੰਪਰਗਿਆਤ ਸਮਾਧੀ ਦੌਰਾਨ ਚਿੱਤ ਦੀਆਂ ਪ੍ਰਮੁੱਖ ਵ੍ਰਿਤੀਆਂ ਪ੍ਰਮਾਣ, ਵਿਪਰਯਯ ਤੇ ਸਮ੍ਰਿਤੀ ਬਣੀਆਂ ਰਹਿੰਦੀਆਂ ਹਨ। ਨੀਂਦ ਦੀ ਵ੍ਰਿਤੀ ਦੀ ਅਣਹੋਂਦ ਹੁੰਦੀ ਹੈ। ਕਿਉਂਕਿ ਵਿਪਰਯਯ, ਜੋ ਕਿ ਮਿਥਿਆ-ਗਿਆਨ ਹੈ, ਦੀ ਚਿੱਤ ਵ੍ਰਿਤੀ ਇਸ ਸਮਾਧੀ ਦੌਰਾਨ ਬਣੀ ਰਹਿੰਦੀ ਹੈ, ਇਸ ਕਾਰਣ ਇਸ ਦੌਰਾਨ ਭਰਮ ਦਾ ਪੈਦਾ ਹੋ ਜਾਣਾ ਬਹੁਤ ਸੰਭਵ ਹੈ। ਇਸ ਬਾਹਰਮੁਖ ਸੰਪਰਗਿਆਤ ਸਮਾਧੀ ਦੌਰਾਨ ਮੁੱਖ ਰੂਪ ਵਿੱਚ ਮਨ ਹੀ ਕਿਰਿਆਸ਼ੀਲ ਹੁੰਦਾ ਹੈ। ਮਨ ਜਿਸ ਧਯੇਯ ਵਸਤੂ ਜਾਂ ਇਸ਼ਟ ਦਾ ਧਿਆਨ ਕਰ ਰਿਹਾ ਹੈ, ਉਹ ਸਰੀਰ ਤੋਂ ਬਾਹਰ ਮੌਜੂਦ ਹੈ। ਸੰਕਲਪ-ਵਿਕਲਪ ਉਠਾਉਣੇ ਤੇ ਤਰਕ-ਵਿਤਰਕ ਕਰਨਾ ਮਨ ਦੀ ਸੁਭਾਵਿਕ ਕਿਰਿਆ ਹੈ। ਉਹ ਆਪਣੀ ਇਸ ਸੁਭਾਵਿਕ ਕਿਰਿਆ ਨੂੰ ਇਸ ਦੌਰਾਨ ਤਿਆਗਦਾ ਨਹੀਂ ਹੈ। ਮਨ ਦੀ ਇਹ ਸੁਭਾਵਿਕ ਕਿਰਿਆ ਹੀ ਭਰਮ ਦੀ ਸਥਿੱਤੀ ਵੀ ਪੈਦਾ ਕਰ ਦਿੰਦੀ ਹੈ।

ਕੀ ਬਾਹਰਮੁਖ ਸੰਪਰਗਿਆਤ ਸਮਾਧੀ ਵਿਚਲਾ ਅਨੁਭਵ ਸਿਰਫ਼ ਭਰਮ ਹੀ ਹੈ?

ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਕੀਤਾ ਜਾ ਰਿਹਾ ਅਨੁਭਵ ਭਰਮ ਵੀ ਹੋ ਸਕਦਾ ਹੈ ਤੇ ਯਥਾਰਥ ਵੀ । ਕਿਸੇ ਸਾਧਕ ਦੀ ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਵਿੱਚ ਕੀ ਵਾਪਰ ਰਿਹਾ ਹੈ, ਇਸ ਨੂੰ ਕੋਈ ਨਹੀਂ ਜਾਣ ਸਕਦਾ। ਜੇ ਸਾਧਕ ਆਪਣੇ ਇਸ਼ਟ ਦੇ ਦਰਸ਼ਨ ਸਮਾਧੀ ਵਿੱਚ ਕਰਦਾ ਹੈ, ਤਾਂ ਇਸ ਦਾ ਪ੍ਰਭਾਵ ਕੋਈ ਦੂਜਾ ਵਿਅਕਤੀ ਨਹੀਂ ਜਾਣ ਸਕਦਾ।

ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਵਿੱਚ ਨੀਂਦ ਦੀ ਵ੍ਰਿਤੀ ਰੁੱਕ ਗਈ ਹੁੰਦੀ ਹੈ। ਪ੍ਰਮਾਣ ਰਾਹੀਂ ਪ੍ਰਾਪਤ ਪ੍ਰਮਾ ਦਾ ਸਥਾਨ ਜ਼ਰੂਰ ਹੈ, ਪਰ ਕੇਵਲ ਪ੍ਰਤੱਖ ਕੀਤੀ ਪ੍ਰਮਾ ਹੀ। ਕਲਪਨਾ ਜਾਂ ਸੁਣੀ-ਸੁਣਾਈ ਗੱਲ ਵਾਲੀ ਪ੍ਰਮਾ ਤੋਂ ਭਰਮ ਪੈਦਾ ਹੋ ਸਕਦਾ ਹੈ। ਭਰਮ ਪੈਦਾ ਹੋ ਹੀ ਜਾਂਦਾ ਹੈ। ਭਰਮ, ਜੋ ਕਿ ਅਗਿਆਨ ਹੈ, ਚਿੱਤ ਦੀ ਇੱਕ ਬੁਰੀ ਵ੍ਰਿਤੀ ਹੈ। ਇਸ ਬੁਰੀ ਵ੍ਰਿਤੀ ਦਾ ਸੰਪਰਗਿਆਤ ਸਮਾਧੀ ਵਿੱਚ ਰੁੱਕ ਜਾਣਾ ਅਤਿਅੰਤ ਜ਼ਰੂਰੀ ਹੈ। ਇਹ ਬੁਰੀ ਵ੍ਰਿਤੀ ਨਾ ਰੁਕੀ, ਤਾਂ ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਭਰਮ ਹੋਏਗਾ ਹੀ।

ਕੋਈ ਵਿਅਕਤੀ ਇਹ ਕਹਿੰਦਾ ਹੈ ਕਿ ਉਸ ਨੇ ਧਿਆਨ ਸਾਧਨਾ ਕਰਦਿਆਂ ਆਪਣੇ ਇਸ਼ਟ ਦੇ ਦਰਸ਼ਨ ਕੀਤੇ। ਉਸ ਦੇ ਚਿੱਤ ਵਿੱਚ ਅਸਲ ਵਿੱਚ ਕੀ ਵਾਪਰਿਆ, ਅਸੀਂ ਇਹ ਨਹੀਂ ਜਾਣ ਸਕਦੇ। ਹੋ ਸਕਦਾ ਹੈ ਕਿ ਉਸ ਨੇ ਕੋਈ ਸੁਪਨਾ ਵੇਖਿਆ ਹੋਵੇ। ਉਹ ਸੁਪਨਾ ਟੁੱਟਣ ਤੋਂ ਬਾਅਦ ਉਹ ਇਹ ਸਮਝ ਹੀ ਨਾ ਸਕਿਆ ਹੋਵੇ ਕਿ ਉਹ ਸੁਪਨਾ ਵੇਖ ਰਿਹਾ ਸੀ। ਹਾਂ, ਜੇ ਉਹ ਜਾਗ ਰਿਹਾ ਸੀ, ਤਾਂ ਸੰਭਵ ਹੈ ਕਿ ਉਸ ਨੇ ਆਪਣੇ ਇਸ਼ਟ ਦੇ ਦਰਸ਼ਨ ਆਪਣੇ ਚਿੱਤ ਵਿੱਚ ਕੀਤੇ ਹੋਣ। ਅਜਿਹਾ ਸੰਭਵ ਹੈ। ਹਰ ਵਿਅਕਤੀ ਹੀ ਜਾਗਦਿਆਂ ਕਈ ਵਾਰ ਆਪਣੇ ਕਿਸੇ ਪਿਆਰੇ ਨੂੰ ਆਪਣੇ ਧਿਆਨ ਵਿੱਚ ਦੇਖ ਲੈਂਦਾ ਹੈ। ਕੋਈ ਸਾਧਕ ਆਪਣੇ ਇਸ਼ਟ ਨੂੰ ਦੇਖ ਲਵੇ, ਤਾਂ ਕੋਈ ਹੈਰਾਨੀ ਨਹੀਂ। ਉਸ ਨੇ ਸਿਰਫ਼ ਆਪਣੇ ਇਸ਼ਟ ਨੂੰ ਧਿਆਨ ਕਰਦਿਆਂ ਦੇਖਿਆ ਹੈ, ਕੋਈ ਗੱਲ ਬਾਤ ਨਹੀਂ ਕੀਤੀ।

ਪਟਨਾ ਸ਼ਹਿਰ ਦੇ ਅਮੀਰ ਬ੍ਰਾਹਮਣ ਪੰਡਿਤ ਸ਼ਿਵਦੱਤ ਜੀ ਦਾ ਮਨ ਸ੍ਰੀ ਰਾਮ ਚੰਦਰ ਦੀ ਭਗਤੀ ਕਰ-ਕਰ ਕੇ ਉਨ੍ਹਾਂ ਦੇ ਹੀ ਰੰਗ ਵਿੱਚ ਰੰਗਿਆ ਜਾ ਚੁੱਕਾ ਸੀ। ਉਹ ਅਕਸਰ ਗੰਗਾ ਨਦੀ ਕਿਨਾਰੇ ਪੂਜਾ ਕਰਨ ਲਈ ਜਾਇਆ ਕਰਦੇ ਸਨ। ਉਦੋਂ ਉਹ ਕਿਸੀ ਅਜਿਹੀ ਹੀ ਮਾਨਸਿਕ ਅਵਸਥਾ ਵਿੱਚ ਆਨੰਦਿਤ ਹੋ ਰਹੇ ਹੋਣਗੇ, ਜਦੋਂ ਉਨ੍ਹਾਂ ਨੇ ਉੱਥੇ ਹੀ ਖੇਡ ਰਹੇ ਬਾਲ (ਗੁਰੂ) ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ) ਨੂੰ ਪ੍ਰਤੱਖ ਹੀ ਸ੍ਰੀ ਰਾਮ ਚੰਦਰ ਜੀ ਦੇ ਰੂਪ ਵਿੱਚ ਤੱਕਿਆ ਤੇ ਉਨ੍ਹਾਂ ਦੇ ਸ਼ਰਧਾਲੂ ਹੋ ਗਏ। ਪੰਡਿਤ ਸ਼ਿਵਦੱਤ ਜੀ ਬਾਲ (ਗੁਰੂ) ਗੋਬਿੰਦ ਰਾਇ ਜੀ ਨੂੰ ਅਕਸਰ ਹੀ ਹਾਥੀ ਜਾਂ ਘੋੜੇ ਉੱਤੇ ਬਿਠਾ ਕੇ ਆਪਣੇ ਬਾਗ਼ ਵਿੱਚ ਲੈ ਜਾਂਦੇ, ਜਿੱਥੇ ਬਾਲ (ਗੁਰੂ) ਗੋਬਿੰਦ ਜੀ ਹੋਰਨਾਂ ਬਾਲਕਾਂ ਨਾਲ ਖੇਡਦੇ ਰਹਿੰਦੇ।

ਉਨ੍ਹਾਂ ਨੂੰ ਆਪਣੇ ਇਸ਼ਟ ਦੇ ਪ੍ਰਤੱਖ ਦਰਸ਼ਨ ਹੋ ਰਹੇ ਹਨ। ਨਾ ਕੇਵਲ ਪ੍ਰਤੱਖ ਦਰਸ਼ਨ ਹੋ ਰਹੇ ਹਨ, ਬਲਕਿ ਉਹ ਆਪਣੇ ਇਸ਼ਟ ਨਾਲ ਗੱਲ-ਬਾਤ ਵੀ ਕਰ ਰਹੇ ਹਨ ਤੇ ਉਸ ਦੀ ਸੇਵਾ ਵੀ। ਇਹ ਸਮਾਧੀ ਦੀ ਹੀ ਇੱਕ ਅਵਸਥਾ ਹੈ, ਪਰ ਇਸ ਦਾ ਪ੍ਰਭਾਵ ਕੋਈ ਦੂਜਾ ਨਹੀਂ ਵੇਖ ਸਕਦਾ। ਇਹ ਕੋਈ ਅਜਿਹੀ ਸਥਿੱਤੀ ਨਹੀਂ ਕਿ ਪੰਡਿਤ ਸ਼ਿਵਦੱਤ ਜੀ ਆਪਣੇ ਧਿਆਨ ਵਿੱਚ ਕਿਸੇ ਮੂਰਤੀ ਜਾਂ ਤਸਵੀਰ ਆਦਿ ਨੂੰ ਦੇਖ ਰਹੇ ਹਨ। ਇੱਥੇ ਤਾਂ ਇੱਕ ਪ੍ਰਤੱਖ ਚੱਲਦਾ ਫਿਰਦਾ, ਗੱਲਬਾਤ ਕਰਦਾ ਉਨ੍ਹਾਂ ਦਾ ਆਪਣਾ ਪਿਆਰਾ ਇਸ਼ਟ ਹੈ, ਜਿਸ ਦੀ ਉਹ ਸੇਵਾ ਕਰਦੇ ਹਨ ਤੇ ਆਨੰਦ ਮਾਣਦੇ ਹਨ। ਸ੍ਰੀ ਸ਼ਿਵਦੱਤ ਜੀ ਨੇ ਜੋ ਸ੍ਰੀ ਰਾਮ ਚੰਦਰ ਜੀ ਦੇ ਪ੍ਰਤੱਖ ਦਰਸ਼ਨ ਕੀਤੇ, ਇਹ ਅਪਰਾ ਵਿਦਿਆ (ਕਿਤਾਬੀ-ਗਿਆਨ) ਦਾ ਕੋਈ ਮਾਹਿਰ ਵਿਅਕਤੀ ਕੀ ਜਾਣ ਸਕਦਾ ਹੈ? ਇਹ ਸਮਾਧੀ ਦੀ ਮਸਤੀ ਹੈ, ਜੋ ਪੰਡਿਤ ਸ਼ਿਵਦੱਤ ਜੀ ਵਰਗੇ ਮਸਤਾਨਿਆਂ ਦੇ ਹਿੱਸੇ ਹੀ ਆਉਂਦੀ ਹੈ, ਕਿਤਾਬੀ-ਗਿਆਨੀਆਂ ਦੇ ਨਹੀਂ।

ਜਦੋਂ ਸਾਧਕ ਨੂੰ ਆਪਣੇ ਇਸ਼ਟ ਦੇ ਦਰਸ਼ਨ ਬਾਹਰਮੁਖ ਸੰਪਰਗਿਆਤ ਸਮਾਧੀ ਤੋਂ ਉੱਪਰ ਦੀ ਕਿਸੇ ਅਵਸਥਾ, ਜਿਵੇਂ ਸਹਜ ਸਮਾਧੀ, ਵਿੱਚ ਹੋਣ, ਤਾਂ ਉਸ ਦਾ ਅਸਰ ਦੂਜੇ ਵਿਅਕਤੀ ਵੀ ਮਹਿਸੂਸ ਕਰ ਸਕਦੇ ਹਨ।

ਭਗਤ ਨਾਮਦੇਵ ਜੀ ਨੇ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰ ਕੇ ਵਾਰਤਾਲਾਪ ਕੀਤੀ। ਉਸ ਪ੍ਰਤੱਖ ਦਰਸ਼ਨ ਦਾ ਪ੍ਰਭਾਵ ਮਰੀ ਹੋਈ ਗਾਂ ਦੇ ਜੀਉਂਦੇ ਹੋਣ ਦੇ ਰੂਪ ਵਿੱਚ ਬਾਕੀ ਲੋਕ ਵੀ ਦੇਖ ਸਕੇ: -

ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜੇ ਗੋਬਿੰਦ ਆਇਲਾ ॥੧੫॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ ਆਏ ਗੋਪਾਲ ॥੧੬॥
ਕਹਹਿ ਤ ਧਰਣਿ ਇਕੋਡੀ ਕਰਉ ॥ ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥
ਕਹਹਿ ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ ਪਤੀਆਇ ॥੧੮॥
ਨਾਮਾ ਪ੍ਰਣਵੈ ਸੇਲ ਮਸੇਲ ॥ ਗਊ ਦੁਹਾਈ ਬਛਰਾ ਮੇਲਿ ॥੧੯॥
ਦੂਧਹਿ ਦੁਹਿ ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥੨੦॥
(੧੧੬੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਹਰਮੁਖ ਸੰਪਰਗਿਆਤ ਸਮਾਧੀ ਦੀ ਸਾਧਨਾ ਦੌਰਾਨ ਜਦ ਤਕ ਧਯੇਯ ਵਸਤੂ (ਵਿਅਕਤੀ, ਦਰਖ਼ਤ, ਸੂਰਜ, ਚੰਦ, ਤਾਰੇ, ਮੂਰਤੀ ਜਾਂ ਤਸਵੀਰ ਆਦਿ) ਆਦਿ ਦਾ ਧਿਆਨ ਚਿੱਤ ਕਰ ਰਿਹਾ ਹੈ, ਉਦੋਂ ਤਕ ਉਹ ਇਸ ਤੋਂ ਉੱਪਰਲੀ ਅਵਸਥਾ ਵੱਲ ਨਹੀਂ ਜਾ ਸਕੇਗਾ। ਇਹ ਧਯੇਯ ਵਸਤੂ (ਵਿਅਕਤੀ, ਦਰਖ਼ਤ, ਸੂਰਜ, ਚੰਦ, ਤਾਰੇ, ਮੂਰਤੀ ਜਾਂ ਤਸਵੀਰ ਆਦਿ) ਹੀ ਉਸ ਦੀ ਹੋਰ ਉੱਚੇਰੀ ਸਾਧਨਾ ਵਿੱਚ ਰੁਕਾਵਟ ਬਣ ਜਾਂਦੀ ਹੈ।

ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਸਿਰਫ਼ ਵਿਕ੍ਰਿਤੀ, ਭਾਵ ਵਿਅਕਤ ਸਥੂਲ-ਭੂਤਾਂ (ਆਕਾਸ਼, ਵਾਯੂ, ਅਗਨੀ, ਜਲ ਤੇ ਪ੍ਰਿਥਵੀ) ਦਾ ਹੀ ਪ੍ਰਤੱਖ ਹੁੰਦਾ ਹੈ। ਵਿਕ੍ਰਿਤੀ ਤੋਂ ਭਾਵ ਅਜਿਹਾ ਕੋਈ ਵੀ ਤੱਤ ਜਾਂ ਵਸਤੂ ਹੈ, ਜੋ ਕਿਸੇ ਹੋਰ ਤੱਤ ਜਾਂ ਵਸਤੂ ਤੋਂ ਪੈਦਾ ਹੋਈ ਹੈ। ਉਹ ਸਾਧਕ, ਜੋ ਇਸ ਅਵਸਥਾ ਤੋਂ ਵੀ ਅੱਗੇ ਜਾਣ ਯੋਗ ਹੁੰਦੇ ਹਨ, ਇਸ ਸਮਾਧੀ ਦੌਰਾਨ ਪ੍ਰਤੱਖ ਕੀਤੇ ਗਏ ਗਏ ਇਨ੍ਹਾਂ ਵਿਅਕਤ ਸਥੂਲ-ਭੂਤਾਂ ਦੀ ਪ੍ਰਕ੍ਰਿਤੀ, ਜੋ ਕਿ ਇਨ੍ਹਾਂ ਦੇ ਸੂਖਮ ਰੂਪ ਹਨ, ਦਾ ਅਨੁਮਾਨ ਲਗਾ ਲੈਂਦੇ ਹਨ। ਸਥੂਲ-ਭੂਤਾਂ ਦੀ ਪ੍ਰਕ੍ਰਿਤੀ, ਜਿਨ੍ਹਾਂ ਨੂੰ ਤਨਮਾਤ੍ਰਾ ਆਖਿਆ ਜਾਂਦਾ ਹੈ, ਦਾ ਅਨੁਮਾਨ ਲਗਾ ਲੈਣ ਵਾਲੇ ਸਾਧਕ ਹੀ ਇਹ ਅਨੁਮਾਨ ਲਗਾ ਸਕਦੇ ਹਨ ਕਿ ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਤੋਂ ਅੱਗੇ ਵੀ ਕੋਈ ਦੁਨੀਆਂ ਹੈ।

ਨੇਤ ਨੇਤ ਕਥੰਤਿ ਬੇਦਾ ॥ (੧੩੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

'ਨੇਤਿ ਨੇਤਿ' ਦਾ ਸ਼ਾਬਦਿਕ ਅਰਥ ਹੈ ਕਿ 'ਇਹ ਨਹੀਂ ਹੈ, ਇਹ ਨਹੀਂ ਹੈ'। ਇਸ ਦੀ ਵਿਆਖਿਆ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਦਾ ਭਾਵ ਹੈ ਕਿ ਇਹ ਸਰੀਰ ਆਤਮਾ ਨਹੀਂ ਹੈ, ਇਹ ਮਨ ਆਤਮਾ ਨਹੀਂ ਹੈ, ਇੱਥੋਂ ਤਕ ਕਿ ਜੋ ਕੁੱਝ ਵੀ ਇਹ ਪ੍ਰਤੀਤ ਹੋ ਰਿਹਾ ਹੈ, ਇਹ ਆਤਮਾ ਨਹੀਂ ਹੈ। ਜੋ ਕੁੱਝ ਵੀ ਸਥੂਲ ਜਾਂ ਸੂਖਮ ਸਰੀਰ ਰਾਹੀਂ ਜਾਣਿਆ ਜਾ ਰਿਹਾ ਹੈ, ਉਹ ਆਤਮਾ ਨਹੀਂ ਹੈ। ਸਿਰਫ਼ ਇੰਨਾ ਹੀ ਨਹੀਂ, ਸਗੋਂ ਜੋ ਕੋਈ ਇਹ ਆਖ ਰਿਹਾ ਹੈ ਕਿ 'ਨੇਤਿ ਨੇਤਿ', ਉਹ ਵੀ ਆਤਮਾ ਨਹੀਂ ਹੈ। ਜਦੋਂ ਤਕ 'ਨੇਤਿ ਨੇਤਿ' ਕਹਿਣ ਵਾਲਾ ਮੌਜੂਦ ਹੈ, ਸਮਝ ਲਉ ਕਿ ਆਤਮਾ ਤਕ ਦੀ ਯਾਤਰਾ ਅਜੇ ਪੂਰੀ ਨਹੀਂ ਹੋਈ।

'ਨੇਤਿ' 'ਨੇਤਿ' ਦੀ ਰੱਟ ਲਾਈ ਰੱਖਣ ਵਾਲਾ ਸਾਧਕ ਹੋਰ ਉੱਚੇਰੀ ਅਵਸਥਾ ਵੱਲ ਨੂੰ ਤੁਰ ਪੈਂਦਾ ਹੈ।

ਅੰਤਰਮੁਖ ਸਮਾਧੀ

ਹਰ ਉਹ ਸਮਾਧੀ, ਜੋ ਸਰੀਰ ਦੇ ਅੰਦਰ ਦੀ ਕਿਸੇ ਵਸਤੂ ਨੂੰ ਧਿਆਨ ਕਰ ਕੇ ਹੁੰਦੀ ਹੈ, ਅੰਤਰਮੁਖ ਸਮਾਧੀ ਹੁੰਦੀ ਹੈ। ਇਹ ਅੰਤਰਮੁਖ ਸਮਾਧੀ 'ਸੰਪਰਗਿਆਤ ਸਮਾਧੀ' ਵੀ ਹੋ ਸਕਦੀ ਹੈ ਤੇ 'ਅਸੰਪਰਗਿਆਤ ਸਮਾਧੀ' ਵੀ। 'ਵਿਵੇਕ ਖਿਆਤੀ' ਤੇ 'ਸਹਿਜ ਸਮਾਧੀ' ਵੀ ਅੰਤਰਮੁਖ ਸਮਾਧੀਆਂ ਹੀ ਹਨ।

ਅੰਤਰਮੁਖ ਸੰਪਰਗਿਆਤ ਸਮਾਧੀ

ਸਮਾਧੀ ਦੀ ਉੱਚੀ ਅਵਸਥਾ ਤੇ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਬਾਹਰਮੁਖ ਧਿਆਨ ਤੋਂ ਵੀ ਅੱਗੇ ਦੀ ਸਥਿੱਤੀ ਵਿੱਚ ਜਾ ਕੇ ਅੰਤਰਮੁਖ ਸੰਪਰਗਿਆਤ ਸਮਾਧੀ ਤੇ ਫਿਰ ਉਸ ਤੋਂ ਵੀ ਅੱਗੇ ਅਸੰਪਰਗਿਆਤ ਸਮਾਧੀ ਤੇ ਸਹਿਜ ਸਮਾਧੀ ਦੀ ਅਵਸਥਾ ਹਾਸਿਲ ਕੀਤੀ ਜਾਏ। ਬਾਹਰਮੁਖ ਸਮਾਧੀ ਵਿੱਚ ਪ੍ਰਕ੍ਰਿਤੀ ਦਾ ਬੰਧਨ ਬਣਿਆ ਹੀ ਰਹਿੰਦਾ ਹੈ।

ਕਿਸੇ ਆਕਾਰ ਜਾਂ ਰੂਪ ਦੇ ਸਥੂਲ ਧਿਆਨ ਉੱਤੇ ਹੀ ਟਿਕੇ ਰਹਿਣਾ ਬ੍ਰਹਮਗਿਆਨ ਪ੍ਰਾਪਤ ਕਰਨ ਦੇ ਰਾਸਤੇ ਵਿੱਚ ਵੱਡੀ ਰੁਕਾਵਟ ਹੈ। ਪ੍ਰਾਪਤ ਕਰਨ ਯੋਗ ਵਸਤੂ ਅੰਦਰ ਹੀ ਮੌਜੂਦ ਹੈ। ਉਸ ਦੀ ਭਾਲ ਬਾਹਰ ਕਰਨ ਵਾਲਾ ਭਰਮ ਵਿੱਚ ਹੀ ਪਿਆ ਹੋਇਆ ਹੈ: -

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
(੧੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
(੧੨੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅੰਤਰਮੁਖ ਸੰਪਰਗਿਆਤ ਸਮਾਧੀ ਵਿੱਚ ਜਿਸ ਵਸਤੂ (ਧਯੇਯ) ਦਾ ਧਿਆਨ ਕੀਤਾ ਜਾਂਦਾ ਹੈ, ਉਹ ਸਰੀਰ ਦੇ ਅੰਦਰ ਹੀ ਮੌਜੂਦ ਹੁੰਦੀ ਹੈ। ਅੰਤਰਮੁਖ ਸੰਪਰਗਿਆਤ ਸਮਾਧੀ ਤਿੰਨ ਤਰ੍ਹਾਂ ਦੀ ਹੈ: -

੧. ਵੀਚਾਰ ਆਧਾਰਿਤ ਅੰਤਰਮੁਖ ਸੰਪਰਗਿਆਤ ਸਮਾਧੀ,
੨. ਅਹੰਕਾਰ-ਭੂਮੀ ਆਧਾਰਿਤ ਅੰਤਰਮੁਖ ਸੰਪਰਗਿਆਤ ਸਮਾਧੀ, ਤੇ
੩. ਅਸਮਿਤਾ-ਭੂਮੀ ਆਧਾਰਿਤ ਅੰਤਰਮੁਖ ਸੰਪਰਗਿਆਤ ਸਮਾਧੀ ।

ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਸਥੂਲ ਆਕਾਰ ਜਾਂ ਰੂਪ, ਮੰਤ੍ਰ, ਤੰਤ੍ਰ, ਜਾਂ ਜੰਤ੍ਰ ਆਦਿ ਦਾ ਧਿਆਨ ਕੀਤਾ ਜਾਂਦਾ ਹੈ। ਬਾਹਰਮੁਖ ਸੰਪਰਗਿਆਤ ਸਮਾਧੀ ਦੌਰਾਨ ਚਿੱਤ ਦੀਆਂ ਪ੍ਰਮੁੱਖ ਵ੍ਰਿਤੀਆਂ ਪ੍ਰਮਾਣ, ਵਿਪਰਯਯ ਤੇ ਸਮ੍ਰਿਤੀ ਬਣੀਆਂ ਰਹਿੰਦੀਆਂ ਹਨ। ਨੀਂਦ ਦੀ ਵ੍ਰਿਤੀ ਦੀ ਅਣਹੋਂਦ ਹੁੰਦੀ ਹੈ।

ਜਦੋਂ ਵਿਪਰਯਯ (ਮਿਥਿਆ-ਗਿਆਨ) ਦੀ ਵ੍ਰਿਤੀ ਬਿਲਕੁਲ ਖ਼ਤਮ ਹੋ ਜਾਏ ਤੇ ਸਥੂਲ ਆਕਾਰ ਜਾਂ ਰੂਪ ਆਦਿ ਦਾ ਧਿਆਨ ਕਰਦਿਆਂ ਚਿੱਤ ਵਿੱਚ ਉਸ ਦਾ ਸਿਰਫ਼ ਵੀਚਾਰ ਹੀ ਬਾਕੀ ਰਹਿ ਜਾਏ, ਤਾਂ ਇਹ ਅੰਤਰਮੁਖ ਸੰਪਰਗਿਆਤ ਸਮਾਧੀ ਦਾ ਪਹਿਲਾ ਪੜਾਅ ਹੋ ਜਾਂਦਾ ਹੈ। ਹੁਣ ਮਨ ਸੰਕਲਪ-ਵਿਕਲਪ ਤੇ ਤਰਕ ਵਿਤਰਕ ਦੀ ਆਪਣੀ ਸੁਭਾਵਿਕ ਕਿਰਿਆ ਨਹੀਂ ਕਰਦਾ। ਪੰਜ ਗਿਆਨ ਇੰਦਰੀਆਂ ਤੋਂ ਪ੍ਰਾਪਤ ਹੋ ਰਹੇ ਪੰਜ ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਤੇ ਗੰਧ) ਮਨ ਨੂੰ ਭਟਕਾਉਂਦੇ ਨਹੀਂ। ਇੱਥੇ ਵਸਤੂ ਦਾ ਸਥੂਲ ਰੂਪ ਲੁਪਤ ਹੋ ਚੁੱਕਾ ਹੈ, ਸਿਰਫ਼ ਉਸਦਾ ਵੀਚਾਰ ਹੀ ਰਹਿ ਗਿਆ ਹੈ। ਕਿਸੇ ਵਰਣਾਤਮਿਕ ਮੰਤਰ ਦੇ ਵਰਣ ਇੱਥੇ ਕੋਈ ਹੋਂਦ ਨਹੀਂ ਰੱਖਦੇ ਤੇ ਉਹ ਮੰਤਰ ਹੁਣ ਸਿਰਫ਼ ਵੀਚਾਰ ਦੇ ਰੂਪ ਵਿੱਚ ਹੀ ਬਾਕੀ ਰਹਿ ਗਿਆ ਹੈ। ਇਹ ਵੀਚਾਰ ਹੀ ਹੁਣ ਧਯੇਯ ਹੈ ਤੇ ਇਹ ਧਯੇਯ ਸਾਧਕ ਦੇ ਸਰੀਰ ਤੋਂ ਬਾਹਰ ਨਹੀਂ, ਬਲਕਿ ਚਿੱਤ ਦੇ ਅੰਦਰ (ਦਸਮ-ਦੁਆਰ) ਵਿੱਚ ਹੀ ਮੌਜੂਦ ਹੈ। ਇਹ 'ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ' ਹੈ। ਇਸੇ ਨੂੰ ਹੀ ਵੀਚਾਰਾਨੁਗਤ ਸੰਪਰਗਿਆਤ ਸਮਾਧੀ ਆਖਦੇ ਹਨ। ਡੂੰਘੇ ਰਹੱਸਵਾਦ ਦਾ ਆਰੰਭ 'ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ' ਨਾਲ ਹੀ ਹੁੰਦਾ ਮੰਨਿਆ ਜਾਂਦਾ ਹੈ।

ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਸਿਰਫ਼ ਵਿਕ੍ਰਿਤੀ, ਭਾਵ ਵਿਅਕਤ ਸਥੂਲ-ਭੂਤਾਂ (ਆਕਾਸ਼, ਵਾਯੂ, ਅਗਨੀ, ਜਲ ਤੇ ਪ੍ਰਿਥਵੀ) ਦਾ ਹੀ ਪ੍ਰਤੱਖ ਹੁੰਦਾ ਹੈ। ਯੋਗਤਾ ਵਾਲੇ ਸਾਧਕ ਇਸ ਸਮਾਧੀ ਦੌਰਾਨ ਪ੍ਰਤੱਖ ਕੀਤੇ ਗਏ ਗਏ ਇਨ੍ਹਾਂ ਵਿਅਕਤ ਸਥੂਲ-ਭੂਤਾਂ ਦੀ ਪ੍ਰਕ੍ਰਿਤੀ, ਜੋ ਕਿ ਇਨ੍ਹਾਂ ਦੇ ਸੂਖਮ ਰੂਪ (ਤਨਮਾਤ੍ਰਾਵਾਂ) ਹਨ, ਦਾ ਅਨੁਮਾਨ ਲਗਾ ਲੈਂਦੇ ਹਨ। ਉਹ ਅੰਦਾਜ਼ਾ ਲਗਾ ਲੈਂਦੇ ਹਨ ਕਿ ਬਾਹਰਮੁਖ ਸੰਪਰਗਿਆਤ ਸਮਾਧੀ ਦੀ ਅਵਸਥਾ ਤੋਂ ਅੱਗੇ ਵੀ ਕੋਈ ਦੁਨੀਆਂ ਹੈ।

ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਸਾਧਕ ਨੇ ਜੋ ਅਨੁਮਾਨ ਲਗਾਇਆ, ਉਸ ਨੂੰ ਹੀ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਉਹ ਪ੍ਰਤੱਖ ਕਰ ਲੈਂਦਾ ਹੈ। ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਜੋ ਸਥੂਲ-ਭੂਤ ਪ੍ਰੱਤਖ ਕੀਤੇ ਗਏ, ਉਨ੍ਹਾਂ ਨੂੰ ਵਿਕ੍ਰਿਤੀ ਜਾਣ ਕੇ ਕਿਸੇ ਪ੍ਰਕ੍ਰਿਤੀ ਦਾ ਅਨੁਮਾਨ ਲਗਾਇਆ ਗਿਆ ਸੀ। ਹੁਣ, ਉਹ ਹੀ ਪ੍ਰਕ੍ਰਿਤੀ, ਜਿਸ ਦਾ ਅਨੁਮਾਨ ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਕੀਤਾ ਗਿਆ, ਇਸ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ 'ਵਿਕ੍ਰਿਤੀ' ਹੀ ਸਿੱਧ ਹੁੰਦੀ ਹੈ।

ਇਸ ਸਮਾਧੀ ਦੌਰਾਨ ਬੁੱਧੀ (ਬੁੱਧੀ ਵਿੱਚ ਪਿਆ ਵੀਚਾਰ), ਅਹੰਕਾਰ ਤੇ ਅਸਮਿਤਾ ਕਿਰਿਆਸ਼ੀਲ ਰਹਿੰਦੇ ਹਨ। ਬੁੱਧੀ ਵਿੱਚ ਇੱਕ ਵੀਚਾਰ ਹੈ, ਜਿਸ ਨੂੰ ਕੇਂਦਰ ਬਣਾਇਆ ਗਿਆ ਹੈ। ਅਹੰਕਾਰ ਕਿਰਿਆਸ਼ੀਲ ਰਹਿਣ ਕਾਰਣ ਸਾਧਕ ਨੂੰ ਇਹ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਉਹ 'ਮੌਜੂਦ ਹੈ'। ਇਸ ਦਾ ਭਾਵ ਇਹ ਹੈ ਕਿ ਸਾਧਕ ਨੂੰ ਇਹ ਮਹਿਸੂਸ ਹੁੰਦਾ ਰਹਿੰਦਾ ਹੈ ਕਿ

ਉਹ ਅਤੇ ਉਸ ਦੇ ਧਿਆਨ ਦਾ ਵਿਸ਼ਾ, ਜੋ ਕਿ ਇੱਥੇ ਵੀਚਾਰ ਮਾਤਰ ਹੀ ਹੈ, ਦੋਨੋਂ ਵੱਖੋ-ਵੱਖਰੇ ਮੌਜੂਦ ਹਨ। ਜਦੋਂ ਉਹ ਇਸੀ ਸਮਾਧੀ ਵਿੱਚ ਹੋਰ ਡੂੰਘਾ ਉੱਤਰਦਾ ਹੈ, ਤਾਂ ਆਪਣੀ ਪਹਿਚਾਣ ਆਪਣੇ ਸਥੂਲ ਸਰੀਰ ਵਜੋਂ ਨਹੀਂ, ਬਲਕਿ ਸੂਖਮ ਸਰੀਰ ਵਜੋਂ ਕਰਦਾ ਹੈ। ਉਸ ਦੀ ਧਯੇਯ ਵਸਤੂ ਜਾਂ ਇਸ਼ਟ ਇੱਕ ਵੀਚਾਰ ਦੇ ਰੂਪ ਵਿੱਚ ਉਸ ਦੇ ਅੰਤਹਕਰਣ ਵਿੱਚ ਹੀ ਮੌਜੂਦ ਹੈ, ਇਸ ਲਈ ਉਸ ਦਾ ਚਿੰਤਨ ਕਰਨ ਲਈ ਜਾਂ ਉਸ ਤੱਕ ਪਹੁੰਚਣ ਲਈ ਉਸ ਨੂੰ ਪੰਜ ਸਥੂਲ ਗਿਆਨ-ਇੰਦਰੀਆਂ ਜਾਂ ਕਰਮ ਇੰਦਰੀਆਂ ਦੀ ਜ਼ਰੂਰਤ ਨਹੀਂ ਰਹਿੰਦੀ। ਇਹ ਹੀ ਕਾਰਣ ਹੈ ਕਿ ਹੁਣ ਉਹ ਆਪਣੇ ਆਪ ਦੀ ਪਹਿਚਾਣ ਕਿਸੇ ਸਥੂਲ ਸਰੀਰ (ਨਾਮ, ਨਸਲ, ਜਾਤੀ, ਵਰਣ, ਪੰਥ, ਸੰਪਰਦਾਇ, ਲਿੰਗ, ਭਾਸ਼ਾ, ਆਦਿ) ਦੇ ਤੌਰ 'ਤੇ ਨਹੀਂ ਕਰਦਾ, ਸਗੋਂ ਖ਼ੁਦ ਨੂੰ ਸੂਖਮ ਸਰੀਰਧਾਰੀ ਵਜੋਂ ਜਾਣਨ ਲੱਗਦਾ ਹੈ। ਅਜੇ ਵੀ ਉਹ 'ਅਹੰਕਾਰ', ਅਸਮਿਤਾ ਤੇ ਆਤਮਾ ਵਿੱਚ ਭੇਦ ਨਹੀਂ ਕਰ ਸਕਦਾ। ਅਜੇ ਵੀ ਉਸ ਨੂੰ ਆਪਣੇ ਕੋਲ ਮੌਜੂਦ ਤ੍ਰਿਗੁਣਾਤਮਕ ਗਿਆਨ ਆਪਣਾ ਹੀ ਹਿੱਸਾ ਮਹਿਸੂਸ ਹੁੰਦਾ ਰਹਿੰਦਾ ਹੈ।

ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਦੌਰਾਨ ਸਾਧਕ ਇਹ ਜਾਣ ਲੈਂਦਾ ਹੈ ਕਿ ਮੈਂ 'ਮਨ' ਨਹੀਂ ਹਾਂ, ਬਲਕਿ ਮਨ ਮੇਰੇ ਦੁਆਰਾ ਵਰਤਿਆ ਜਾਣ ਵਾਲਾ ਇੱਕ ਕਰਣ ਜਾਂ ਔਜਾਰ (Tool) ਹੈ। ਮਨ ਦੀ ਇਹ ਅਸਲੀਅਤ ਜਾਣ ਲੈਣ ਤੋਂ ਬਾਅਦ ਉਹ ਮਨ ਨੂੰ ਸੰਕਲਪ ਕਰਨ ਤੋਂ ਰੋਕ ਦਿੰਦਾ ਹੈ। ਹੁਣ ਮਨ ਉਸ ਦੇ ਕਾਬੂ ਵਿੱਚ ਹੁੰਦਾ ਹੈ। ਜਿਵੇਂ ਜ਼ਰੂਰਤ ਨਾ ਹੋਣ 'ਤੇ ਅਸੀਂ ਮੋਬਾਈਲ ਫ਼ੋਨ ਨੂੰ ਬੰਦ (switch Off) ਕਰ ਦਿੰਦੇ ਹਾਂ, ਉਵੇਂ ਹੀ ਸਾਧਕ ਆਪਣੇ ਮਨ ਨੂੰ ਬੰਦ (Disconnect) ਕਰ ਦਿੰਦਾ ਹੈ, ਤਾਂ ਕਿ ਬੇਅਰਥ ਦੇ ਸੰਕਲਪ-ਵਿਕਲਪ ਨਾ ਪੈਦਾ ਹੋਣ।

ਅੰਤਰਮੁਖ ਸੰਪਰਗਿਆਤ ਸਮਾਧੀ ਦੀ ਆਰੰਭਿਕ ਅਵਸਥਾ ਤੋਂ ਬਾਅਦ ਸਾਧਕ ਜਿਉਂ ਜਿਉਂ ਹੋਰ ਡੂੰਘੀ ਅਵਸਥਾ ਵਿੱਚ ਉਤਰਦਾ ਜਾਂਦਾ ਹੈ, ਉਸ ਨੂੰ ਉਹ ਹੈਰਾਨ ਕਰਨ ਦੇਣ ਵਾਲੇ ਤਜੁਰਬੇ ਹੋਣ ਲੱਗਦੇ ਹਨ, ਜਿਨ੍ਹਾਂ ਬਾਰੇ ਸਾਧਾਰਣ ਇਨਸਾਨ ਅੰਦਾਜ਼ਾ ਵੀ ਨਹੀਂ ਲਗਾ ਸਕਦਾ।ਇਸ ਸਮਾਧੀ ਦੀ ਉੱਚਤਮ ਅਵਸਥਾ ਵਿੱਚ ਉਸ ਦੀਆਂ ਸੂਖਮ ਜਾਂ ਦਿਵਯ (ਦਿੱਬ, Divine) ਗਿਆਨ-ਇੰਦਰੀਆਂ ਜਾਗਰਿਤ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜੇ ਉਹ ਵਾਰ-ਵਾਰ ਇਸ ਸਮਾਧੀ ਦੀ ਅਵਸਥਾ ਵਿੱਚ ਪਹੁੰਚਦਾ ਰਹੇ, ਤਾਂ ਉਸਦੀਆਂ ਸਭ ਸੂਖਮ ਜਾਂ ਦਿਵਯ ਗਿਆਨ-ਇੰਦਰੀਆਂ ਜਾਗਰਿਤ ਹੋ ਕੇ ਸੂਖਮ ਜਾਂ ਦਿਵਯ ਵਿਸ਼ਿਆਂ ਦਾ ਸੁੱਖ ਪ੍ਰਾਪਤ ਕਰਨ ਲੱਗ ਜਾਂਦੀਆਂ ਹਨ।

ਦਿੱਬ ਗਿਆਨ-ਇੰਦਰੀਆਂ ਦੇ ਜਾਗਰਿਤ ਹੋਣ ਨਾਲ ਉਹ ਸਥੂਲ ਗਿਆਨ-ਇੰਦਰੀਆਂ ਦੇ ਵਿਸ਼ਿਆਂ ਤੋਂ ਉਪਰਾਮ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਵੈਰਾਗ ਦੀ ਇਧਰਲੀ ਅਵਸਥਾ ਹੈ, ਜਿਸਨੂੰ 'ਅਪਰ-ਵੈਰਾਗ' ਆਖਿਆ ਜਾਂਦਾ ਹੈ। ਆਚਾਰੀਆ ਪਤੰਜਲੀ ਨੇ ਇਸ ਨੂੰ ਵਸ਼ੀਕਾਰ ਵੈਰਾਗ ਆਖਿਆ ਹੈ।

> दृष्टानुश्रविकविषयवितृष्णस्य वशीकारसंज्ञा वैराग्यम॥
> (१५, समाधिपाद, योगसूत्र)।

ਇੱਥੇ ਉਹ ਜਿਸ ਪ੍ਰਕਾਸ਼ ਨੂੰ ਦੇਖਦਾ ਹੈ, ਉਹ ਅਸਲ ਵਿੱਚ ਉਸ ਦੀ ਅਸਮਿਤਾ ਦਾ ਹੀ ਪ੍ਰਕਾਸ਼ ਹੈ, ਜੋ ਖ਼ੁਦ ਪ੍ਰਕਾਸ਼ਵਾਨ ਨਾ ਹੋ ਕੇ ਸਗੋਂ ਆਤਮਾ ਤੋਂ ਪ੍ਰਕਾਸ਼ਿਤ ਹੋਇਆ ਹੁੰਦਾ ਹੈ। ਆਮ ਇਨਸਾਨ ਨੂੰ ਸਥੂਲ ਸਰੀਰ ਵਿੱਚ ਅੱਖਾਂ ਬੰਦ ਕਰਨ 'ਤੇ ਹਨੇਰਾ ਦਿੱਸਦਾ ਹੈ, ਜੋ ਕਿ ਤਮੋਗੁਣ ਦੇ ਪ੍ਰਭਾਵ ਕਾਰਣ ਹੁੰਦਾ ਹੈ। ਸਾਧਕ ਇਸ ਸਮਾਧੀ ਵਿੱਚ ਸਤੋਗੁਣ ਦੀ ਬਹੁਲਤਾ ਵਾਲੇ ਅਸਮਿਤਾ ਦੇ ਨਜ਼ਦੀਕ ਜਾਣ ਕਾਰਣ ਪ੍ਰਕਾਸ਼ ਮਹਿਸੂਸ ਕਰਦਾ ਹੈ। ਇਹ ਪ੍ਰਕਾਸ਼ ਅਸਮਿਤਾ ਦੇ ਸਤੋਗੁਣ ਦਾ ਹੈ। ਅਜੇ ਵੀ ਉਹ ਨਿਰੋਲ ਸਤੋਗੁਣੀ ਅਸਮਿਤਾ ਤੋਂ ਤਾਂ ਅਹੰਕਾਰ ਕਾਰਣ ਦੂਰ ਹੀ ਹੈ, ਪਰ ਉਸ ਦਾ ਪ੍ਰਕਾਸ਼ ਉਸ ਤੱਕ ਪੁੱਜਣਾ ਸ਼ੁਰੂ ਹੋ ਚੁੱਕਾ ਹੈ। ਇਹ ਪ੍ਰਕਾਸ਼ ਉਸ ਨੂੰ ਅਜਿਹਾ ਗਿਆਨ ਦੇਣਾ ਸ਼ੁਰੂ ਕਰਦਾ ਹੈ, ਜੋ ਸਥੂਲ ਅੱਖਾਂ ਨਾਲ ਪ੍ਰਾਪਤ ਹੋਣਾ ਮੁਮਕਿਨ ਨਹੀਂ। ਸਾਧਕ ਅਸਮਿਤਾ ਦੇ ਪ੍ਰਕਾਸ਼ ਨੂੰ ਦੇਖ ਕੇ ਉਸੇ ਨੂੰ ਹੀ ਆਤਮਪ੍ਰਕਾਸ਼ ਸਮਝ ਬੈਠਦਾ ਹੈ। ਇਸੇ ਕਾਰਣ ਉਹ ਅਜੇ ਵੀ ਪ੍ਰਾਕ੍ਰਿਤਕ ਬੰਧ ਵਿੱਚ ਹੀ ਰਹਿੰਦਾ ਹੈ।

ਅਨਾਹਤ ਨਾਦ

ਸੂਖਮ ਕੰਨਾਂ ਦੇ ਕਿਰਿਆਸ਼ੀਲ ਹੋਣ ਨਾਲ ਸਾਧਕ ਸੂਖਮ (ਦਿੱਬ) ਆਵਾਜ਼ਾਂ ਨੂੰ ਸੁਣਨ ਦੇ ਯੋਗ ਹੋ ਜਾਂਦਾ ਹੈ: -

> ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
> (੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

> ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
> (੭੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

> ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥
> (੬੯੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

> ਦਰਿ ਵਾਜਹਿ ਅਨਹਤ ਵਾਜੇ ਰਾਮ ॥
> ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥

(੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਡੂੰਘੇ ਰਹੱਸ ਦਾ ਵਿਸ਼ਾ ਹੋਣ ਕਾਰਣ ਤੇ ਤੁੱਛ ਮਾਨਵ ਦੀ ਇਸ ਤੱਕ ਪਹੁੰਚ ਵੀ ਨਾ ਹੋਣ ਕਾਰਣ ਇਨ੍ਹਾਂ ਦਿੱਬ ਆਵਾਜ਼ਾਂ ਬਾਰੇ ਵਿਸਥਾਰ ਨਾਲ ਚਰਚਾ ਲੱਗਭੱਗ ਨਾ ਦੇ ਬਰਾਬਰ ਹੀ ਕੀਤੀ ਜਾਂਦੀ ਹੈ। ਅਜਿਹੇ ਵੀ ਲੋਕ ਹਨ, ਜੋ ਇਹ ਮੰਨਦੇ ਹਨ ਕਿ ਗੁਰਬਾਣੀ ਵਿੱਚ ਅਨਾਹਤ ਨਾਦ ਦਾ ਜ਼ਿਕਰ ਸਿਰਫ਼ ਇੱਕ ਕਾਵਿ-ਉਡਾਰੀ ਹੀ ਹੈ ਤੇ ਸੱਚਮੁੱਚ ਦੀ ਕੋਈ ਸੰਗੀਤਕ ਧੁਨੀ ਕਿਸੇ ਸਾਧਕ ਨੂੰ ਨਹੀਂ ਸੁਣਦੀ। ਇਹ ਲੋਕ ਇਸ ਤੱਥ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਕਿ ਅਨਾਹਤ ਨਾਦ ਦਾ ਜ਼ਿਕਰ ਗੁਰਬਾਣੀ ਵਿੱਚ ਬਹੁਤ ਜ਼ਿਆਦਾ ਹੋਇਆ ਹੈ । ਜਿਸ ਸੰਕਲਪ (Concept) ਦਾ ਗੁਰਬਾਣੀ ਵਿੱਚ ਇੰਨੀ ਵਾਰ ਜ਼ਿਕਰ ਹੋਇਆ ਹੋਵੇ, ਉਸ ਨੂੰ ਮਹਿਜ਼ ਇੱਕ ਕਾਵਿ-ਉਡਾਰੀ ਆਖ ਕੇ ਟਾਲਿਆ ਨਹੀਂ ਜਾ ਸਕਦਾ।

ਗੁਰੂ ਨਾਨਕ ਦੇਵ ਜੀ ਨੇ ਵਿਰਾਟ ਪੁਰਖ ਪ੍ਰਭੂ ਦੀ ਹੋ ਰਹੀ ਵਿਰਾਟ ਆਰਤੀ ਦਾ ਜ਼ਿਕਰ ਬਹੁਤ ਹੀ ਸ਼ਾਨਦਾਰ ਢੰਗ ਨਾਲ ਕੀਤਾ ਹੈ: -

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥
ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
(੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਸ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਵੱਲੋਂ ਕੀਤੀ ਜਾਂਦੀ ਆਰਤੀ ਵਿੱਚ ਵਰਤੀਆਂ ਜਾ ਰਹੀਆਂ ਵਸਤੂਆਂ ਨਾਲ ਤੁਲਨਾ ਕਰਦਿਆਂ ਪ੍ਰਭੂ ਦੀ ਹੋ ਰਹੀ ਵਿਰਾਟ ਆਰਤੀ ਦੀਆਂ ਵਿਰਾਟ ਵਸਤੂਆਂ ਦਾ ਜ਼ਿਕਰ ਕੀਤਾ ਹੈ। ਮਨੁੱਖ ਵੱਲੋਂ ਕੀਤੀ ਜਾਂਦੀ ਆਰਤੀ ਵਿੱਚ ਥਾਲ ਦੀ ਵਰਤੋਂ ਕੀਤੀ ਜਾਂਦੀ ਹੈ । ਵਿਰਾਟ ਦੀ ਹੋ ਰਹੀ ਆਰਤੀ ਵਿੱਚ ਗਗਨਮਈ ਥਾਲ ਵਰਤਿਆ ਜਾ ਰਿਹਾ ਹੈ। ਇੱਥੇ ਮਨੁੱਖ ਵੱਲੋਂ ਵਰਤਿਆ ਜਾ ਰਿਹਾ ਥਾਲ ਵੀ ਹਕੀਕਤ ਹੈ ਤੇ ਵਿਰਾਟ ਦੀ ਆਰਤੀ ਵਾਲਾ ਗਗਨਮਈ ਥਾਲ ਵੀ ਹਕੀਕਤ ਹੈ, ਕੋਈ ਕੋਰੀ ਕਲਪਨਾ ਜਾਂ ਮਹਿਜ਼ ਕਾਵਿ-ਉਡਾਰੀ ਨਹੀਂ। ਮਨੁੱਖ ਵੱਲੋਂ ਕੀਤੀ ਜਾਂਦੀ ਆਰਤੀ ਵਿੱਚ ਦੀਵੇ ਵਰਤੇ ਜਾਂਦੇ ਹਨ ਤੇ ਵਿਰਾਟ ਦੀ ਆਰਤੀ ਵਿੱਚ ਸੂਰਜ ਤੇ ਚੰਦਰ ਹੀ ਦੀਵੇ ਹਨ। ਇੱਥੇ ਮਨੁੱਖ ਵੱਲੋਂ ਵਰਤੇ ਜਾ ਰਹੇ ਦੀਵੇ ਵੀ ਹਕੀਕਤ ਹਨ ਤੇ ਵਿਰਾਟ ਦੀ ਆਰਤੀ ਵਾਲੇ ਸੂਰਜ ਤੇ ਚੰਦਰ ਵੀ ਹਕੀਕਤ ਹਨ, ਕੋਈ ਕਲਪਨਾ ਜਾਂ ਕਾਵਿ-ਉਡਾਰੀ ਨਹੀਂ। ਮਨੁੱਖ ਵੱਲੋਂ ਕੀਤੀ ਜਾਂਦੀ ਆਰਤੀ ਵਿੱਚ ਮੋਤੀ ਰੱਖੇ ਜਾਂਦੇ ਹਨ ਤੇ ਵਿਰਾਟ ਦੀ ਆਰਤੀ ਵਿੱਚ ਤਾਰੇ ਹੀ ਮੋਤੀ ਹਨ। ਇੱਥੇ ਮਨੁੱਖ ਵੱਲੋਂ ਵਰਤੇ ਜਾ ਰਹੇ ਮੋਤੀ ਵੀ ਹਕੀਕਤ ਹਨ ਤੇ ਵਿਰਾਟ ਦੀ ਆਰਤੀ ਵਾਲੇ ਤਾਰੇ ਵੀ ਹਕੀਕਤ ਹਨ, ਕੋਈ ਕੋਰੀ ਕਲਪਨਾ ਨਹੀਂ। ਮਨੁੱਖ ਆਰਤੀ ਲਈ ਧੂਪ ਦੀ ਵਰਤੋਂ ਕਰਦਾ ਹੈ ਤੇ ਵਿਰਾਟ ਦੀ ਆਰਤੀ ਵਿੱਚ ਮਲਯ ਪਰਬਤ ਤੋਂ ਆ ਰਹੀ ਮਹਿਕ ਹੀ ਧੂਪ ਹੈ। ਮਨੁੱਖ ਵੱਲੋਂ ਵਰਤੀ ਜਾ ਰਹੀ ਧੂਪ ਵੀ ਹਕੀਕਤ ਹੈ ਤੇ ਵਿਰਾਟ ਦੀ ਆਰਤੀ ਵਿੱਚ ਲੱਗੀ ਹੋਈ ਮਲਯ ਦੀ ਮਹਿਕ ਵੀ ਹਕੀਕਤ ਹੈ, ਕੋਈ ਕੋਰੀ ਕਲਪਨਾ ਨਹੀਂ। ਆਰਤੀ ਲਈ ਮਨੁੱਖ ਚਵਰ ਝੁਲਾਉਂਦਾ ਹੈ ਤੇ ਵਿਰਾਟ ਦੀ ਆਰਤੀ ਵਿੱਚ ਹਵਾ ਹੀ ਵਹਿ ਕੇ ਚਵਰ ਝੁਲਾ ਰਹੀ ਹੈ। ਮਨੁੱਖ ਵੱਲੋਂ ਕੀਤੀ ਜਾ ਰਹੀ ਆਰਤੀ ਵਿੱਚਲਾ ਚਵਰ ਵੀ ਹਕੀਕਤ ਹੈ ਤੇ ਵਿਰਾਟ ਦੀ ਆਰਤੀ ਵਿੱਚ ਵਹਿ ਰਹੀ ਹਵਾ ਵੀ ਹਕੀਕਤ ਹੈ, ਸਿਰਫ਼ ਕਾਵਿ-ਕਲਪਨਾ ਹੀ ਨਹੀਂ। ਮਨੁੱਖ ਵੱਲੋਂ ਕੀਤੀ ਜਾ ਰਹੀ ਆਰਤੀ ਵਿੱਚ ਫੁੱਲਾਂ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਵਿਰਾਟ ਦੀ ਹੋ ਰਹੀ ਆਰਤੀ ਵਿੱਚ ਸਾਰੀ ਵਨਸਪਤੀ ਹੀ ਫੁੱਲਾਂ ਵਜੋਂ ਵਰਤੀ ਜਾ ਰਹੀ ਹੈ। ਮਨੁੱਖ ਵੱਲੋਂ ਕੀਤੀ ਜਾ ਰਹੀ ਆਰਤੀ ਦੇ ਫੁੱਲ ਤੇ ਵਿਰਾਟ ਦੀ ਆਰਤੀ ਲਈ ਸਾਰੀ ਵਨਸਪਤੀ ਦੋਵੇਂ ਹੀ ਹਕੀਕਤ ਹਨ, ਕੋਈ ਕਾਵਿ-ਕਲਪਨਾ ਨਹੀਂ। ਮਨੁੱਖ ਵੱਲੋਂ ਕੀਤੀ ਜਾ ਰਹੀ ਆਰਤੀ ਵਿੱਚ ਭੇਰੀ ਵੱਜਦੀ ਹੈ ਤੇ ਵਿਰਾਟ ਦੀ ਆਰਤੀ ਵਿੱਚ ਅਨਾਹਤ ਸ਼ਬਦ ਵੱਜਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇੱਕ ਵਿਰਾਟ ਅਸਲੀ ਵਸਤੂ ਦੀ ਤੁਲਨਾ ਇੱਕ ਛੋਟੀ ਅਸਲੀ ਵਸਤੂ ਨਾਲ ਕੀਤੀ ਹੈ। ਜਿਵੇਂ ਵਿਰਾਟ ਦੀ ਆਰਤੀ ਵਿੱਚ ਲੱਗੇ ਹੋਏ ਆਕਾਸ਼, ਸੂਰਜ, ਚੰਦ, ਤਾਰੇ, ਮਲਯ ਪਰਬਤ ਤੋਂ ਆ ਰਹੀ ਖ਼ੁਸ਼ਬੂ, ਹਵਾ, ਵਨਸਪਤੀ ਆਦਿ ਅਸਲੀ ਹਨ, ਕੋਈ ਕਾਵਿ-ਉਡਾਰੀ ਜਾਂ ਕਾਵਿ-ਕਲਪਨਾ ਨਹੀਂ, ਉਵੇਂ ਹੀ ਅਨਾਹਤ ਸ਼ਬਦ ਵੀ ਅਸਲੀ ਹੀ ਹੈ, ਕੋਈ ਕਾਵਿ-ਉਡਾਰੀ ਜਾਂ ਕਾਵਿ-ਕਲਪਨਾ ਨਹੀਂ। ਅਜਿਹਾ ਕਹਿਣਾ ਬਿਲਕੁਲ ਗ਼ਲਤ ਹੋਏਗਾ ਕਿ ਆਕਾਸ਼, ਸੂਰਜ, ਚੰਦ, ਤਾਰੇ, ਮਲਯ ਪਰਬਤ ਤੋਂ ਆ ਰਹੀ ਖ਼ੁਸ਼ਬੂ, ਹਵਾ, ਵਨਸਪਤੀ ਆਦਿ ਤਾਂ ਅਸਲੀ ਵਸਤੂਆਂ ਹਨ, ਪਰ ਅਨਾਹਤ ਸ਼ਬਦ ਮਹਿਜ਼ ਇੱਕ ਕਾਵਿ ਉਡਾਰੀ ਹੀ ਹੈ।

ਭਾਈ ਗੁਰਦਾਸ ਜੀ ਨੇ ਵੀ ਅਨਾਹਤ ਸ਼ਬਦ (ਨਾਦ) ਦਾ ਜ਼ਿਕਰ ਬਿਲਕੁਲ ਸਪਸ਼ਟ ਰੂਪ ਵਿੱਚ ਇੱਕ 'ਤੱਥ' (Fact) ਵਜੋਂ ਹੀ ਕੀਤਾ ਹੈ: -

ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹਉ
ਗੁਰਮੁਖਿ ਪਾਵੈ ਸੁ ਤਉ ਅਨਤ ਨ ਧਾਵਈ ॥
ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ
ਦਇਆ ਕੈ ਦਿਖਾਵੈ ਜਾਹੀ ਤਾਹੀ ਬਨਿ ਆਵਈ ॥
ਅਨਹਦ ਨਾਦ ਸਮਸਰਿ ਨਾਦ ਬਾਦ ਕਉਨ
ਸ੍ਰੀ ਗੁਰ ਸੁਨਾਵੇ ਜਾਹਿ ਸੋਈ ਲਿਵ ਲਾਵਈ ॥
ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ
ਅਪਿਓ ਪੀਆਵੈ ਜਾਹਿ ਤਾਹੀ ਮੈ ਸਮਾਵਈ ॥੧੦॥

ਉਪਰੋਕਤ ਕਬਿੱਤ ਵਿੱਚ ਭਾਈ ਗੁਰਦਾਸ ਜੀ ਨੇ ਦਸਮ ਸਥਾਨ (ਦਸਮ ਦੁਆਰ), ਜੋਤਿ, ਅਨਹਦ ਨਾਦ, ਤੇ ਅੰਮ੍ਰਿਤ ਦਾ ਜੋ ਜ਼ਿਕਰ ਕੀਤਾ ਹੈ, ਉਹ ਇਨ੍ਹਾਂ ਦੇ ਤੱਥ ਹੋਣ ਦੇ ਤੌਰ 'ਤੇ ਜ਼ਿਕਰ ਹੈ, ਸਿਰਫ਼ ਕੋਈ ਕਾਵਿ ਉਪਮਾ ਦੇਣ ਲਈ ਨਹੀਂ ਹੈ। ਇੱਥੇ ਕਿਸੇ ਕਾਵਿ-ਉਪਮਾ ਦੀ ਕੋਈ ਗੁੰਜਾਇਸ਼ ਹੀ ਨਹੀਂ ਹੈ।

ਵੱਡੇ ਭਾਗਾਂ ਵਾਲੇ ਜਿਨ੍ਹਾਂ ਸਾਧਕਾਂ ਨੇ ਅਨਾਹਤ ਨਾਦ ਸੁਣਿਆ ਹੈ, ਉਨ੍ਹਾਂ ਨੂੰ ਅਨਾਹਤ ਨਾਦ ਦੀ ਹੋਂਦ ਤੋਂ ਇਨਕਾਰੀ ਵਿਅਕਤੀਆਂ ਨਾਲ ਕੋਈ ਮਤਲਬ ਨਹੀਂ ਹੁੰਦਾ। ਉਹ ਅਨਾਹਤ ਨਾਦ ਵਿੱਚ ਲਿਵ ਲਗਾ ਕੇ ਆਨੰਦਿਤ ਹੁੰਦੇ ਰਹਿੰਦੇ ਹਨ। ਵਿਸਮਾਦ ਦੀ ਜਿਸ ਅਵਸਥਾ ਦਾ ਉਹ ਆਨੰਦ ਮਾਣ ਰਹੇ ਹੁੰਦੇ ਹਨ, ਅਪਰਾ-ਵਿਦਿਆਧਾਰੀ ਉਸ ਦਾ ਅੰਦਾਜ਼ਾ ਵੀ ਨਹੀਂ ਲਗਾ ਸਕਦਾ।

> ਜੈ ਜੈ ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥
> ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ ਨਾਨਕ ਉਧਰੇ ਤਿਨ ਕੈ ਸਾਥੇ ॥੩॥
> (੨੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਾਹਤ ਨਾਦ ਦੀ ਹੋਂਦ ਤੋਂ ਇਨਕਾਰੀ ਲੋਕ ਉਹ ਹਨ, ਜਿਨ੍ਹਾਂ ਨੇ ਖ਼ੁਦ ਅਨਾਹਤ ਨਾਦ ਨਹੀਂ ਸੁਣਿਆ; ਬਿਲਕੁਲ ਉਵੇਂ ਹੀ, ਜਿਵੇਂ ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਲੋਕ ਉਹ ਹਨ, ਜਿਨ੍ਹਾਂ ਨੇ ਪਰਮਾਤਮਾ ਦੀ ਹੋਂਦ ਨੂੰ ਅਨੁਭਵ ਨਹੀਂ ਕੀਤਾ। ਅਜਿਹੇ ਕਿਸੇ ਵਿਅਕਤੀ ਨਾਲ ਇਨ੍ਹਾਂ ਆਧਿਆਤਮਿਕ ਵਿਸ਼ਿਆਂ ਬਾਰੇ ਬਹਿਸ ਕਰਨਾ ਆਪਣਾ ਸਮਾਂ ਬਰਬਾਦ ਕਰਨਾ ਹੋਏਗਾ।

> ਰਾਗੁ ਗੋਂਡ ਬਾਣੀ ਭਗਤਾ ਕੀ ॥ ਕਬੀਰ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥
> ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥
> ਬਾਬਾ ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ ਰਵਿ ਰਹੀਐ ॥੧॥ ਰਹਾਉ ॥
> ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥੨॥
> ਬੋਲਤ ਬੋਲਤ ਬਢਹਿ ਬਿਕਾਰਾ ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥੩॥
> ਕਹੁ ਕਬੀਰ ਛੂਛਾ ਘਟੁ ਬੋਲੈ ॥ ਭਰਿਆ ਹੋਇ ਸੁ ਕਬਹੁ ਨ ਡੋਲੈ ॥੪॥੧॥
> (੮੭੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਾਹਤ ਨਾਦ ਸਮਾਧੀ ਦੀ ਅਵਸਥਾ ਦਾ ਵਾਰ-ਵਾਰ ਅਨੁਭਵ ਹੋਣ ਨਾਲ ਹੀ ਸੁਣਨਾ ਸ਼ੁਰੂ ਹੁੰਦਾ ਹੈ। ਆਮ ਤੌਰ 'ਤੇ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਦੀ ਡੂੰਘੀ ਅਵਸਥਾ ਵਿੱਚ ਅਨਾਹਤ ਨਾਦ ਦਾ ਸੁਣਨਾ ਆਰੰਭ ਹੁੰਦਾ ਹੈ।

ਅਨਾਹਤ ਨਾਦ ਸਾਧਾਰਣ ਜਾਗਰਤ ਅਵਸਥਾ ਨਾਲ ਸੰਬੰਧਿਤ ਨਹੀਂ ਹੈ। ਕਈ ਵਿਅਕਤੀ ਆਪਣੇ ਦੋਹਾਂ ਕੰਨਾਂ ਵਿੱਚ ਉਂਗਲਾਂ ਪਾ ਕੇ ਨਾਦ ਸੁਣਨ ਦਾ ਦਾਅਵਾ ਕਰਦੇ ਹਨ। ਆਪਣੇ ਕੰਨਾਂ ਵਿੱਚ ਉਂਗਲਾਂ ਪਾ ਕੇ ਜੋ ਆਵਾਜ਼ ਸੁਣੀ ਜਾਂਦੀ ਹੈ, ਉਹ ਅਨਾਹਤ ਸ਼ਬਦ ਨਹੀਂ ਹੁੰਦਾ, ਬਲਕਿ ਆਹਤ ਸ਼ਬਦ ਹੈ, ਜੋ ਦਿਲ ਦੀ ਧੜਕਨ ਆਦਿ ਦੀ ਆਵਾਜ਼ ਹੁੰਦੀ ਹੈ। ਆਪਣੇ ਕੰਨਾਂ ਵਿੱਚ ਉਂਗਲਾਂ ਪਾ ਕੇ ਜੋ ਆਵਾਜ਼ ਸੁਣੀ ਜਾਂਦੀ ਹੈ, ਉਸ ਨੂੰ ਤਾਂ ਕੋਈ ਵੀ ਸੁਣ ਸਕਦਾ ਹੈ। ਉਸ ਲਈ ਨਾ ਤਾਂ ਗੁਰੂ ਦੀ ਜ਼ਰੂਰਤ ਹੈ, ਨਾ ਗਿਆਨ ਦੀ ਤੇ ਨਾ ਹੀ ਨਾਮ-ਅਭਿਆਸ ਦੀ।

ਪੰਚ ਸ਼ਬਦ

ਜਿਵੇਂ ਸਥੂਲ ਸਰੀਰ ਦੀਆਂ ਪੰਜ ਗਿਆਨ-ਇੰਦਰੀਆਂ (ਕੰਨ, ਚਮੜੀ, ਅੱਖਾਂ, ਜੀਭ, ਤੇ ਨੱਕ) ਹਨ, ਉਵੇਂ ਹੀ ਸੂਖਮ ਸਰੀਰ ਦੀਆਂ ਪੰਜ ਗਿਆਨ-ਇੰਦਰੀਆਂ (ਸੂਖਮ ਕੰਨ, ਸੂਖਮ ਚਮੜੀ, ਸੂਖਮ ਅੱਖਾਂ, ਸੂਖਮ ਜੀਭ, ਤੇ ਸੂਖਮ ਨੱਕ) ਹਨ। ਇਨ੍ਹਾਂ ਨੂੰ ਹੀ ਦਿੱਬ ਕੰਨ, ਦਿੱਬ ਚਮੜੀ, ਦਿੱਬ ਅੱਖਾਂ, ਦਿੱਬ ਜੀਭ, ਤੇ ਦਿੱਬ ਨੱਕ ਵੀ ਆਖ ਦਿੱਤਾ ਜਾਂਦਾ ਹੈ।

ਜਿਵੇਂ ਸਥੂਲ ਸਰੀਰ ਦੀਆਂ ਪੰਜ ਗਿਆਨ-ਇੰਦਰੀਆਂ ਦੇ ਪੰਜ ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਤੇ ਗੰਧ) ਹਨ, ਉਵੇਂ ਹੀ ਸੂਖਮ ਸਰੀਰ ਦੀਆਂ ਗਿਆਨ-ਇੰਦਰੀਆਂ ਵੀ ਪੰਜ ਵਿਸ਼ਿਆਂ ਦਾ ਉਪਭੋਗ ਕਰਦੀਆਂ ਹਨ। ਇਹ ਪੰਜ ਵਿਸ਼ੇ ਹਨ: - ਸੂਖਮ ਸ਼ਬਦ, ਸੂਖਮ ਸਪਰਸ਼, ਸੂਖਮ ਰੂਪ, ਸੂਖਮ ਰਸ, ਤੇ ਸੂਖਮ ਗੰਧ। ਇਨ੍ਹਾਂ ਨੂੰ ਹੀ ਦਿੱਬ ਸ਼ਬਦ, ਦਿੱਬ ਸਪਰਸ਼, ਦਿੱਬ ਰੂਪ, ਦਿੱਬ ਰਸ, ਤੇ ਦਿੱਬ ਗੰਧ ਆਖ ਲਿਆ ਜਾਂਦਾ ਹੈ।

ਪੰਜ ਸੂਖਮ ਜਾਂ ਦਿੱਬ ਗਿਆਨ-ਇੰਦਰੀਆਂ ਨਾਲ ਸਾਧਕ ਪੰਜ ਸੂਖਮ ਜਾਂ ਦਿੱਬ ਵਿਸ਼ਿਆਂ ਨੂੰ ਭੋਗਦਾ ਹੈ।

ਸੂਖਮ ਕੰਨ ਜਦੋਂ ਜਾਗਰਿਤ ਹੋ ਜਾਂਦੇ ਹਨ, ਤਾਂ ਸਾਧਕ ਕਈ ਪ੍ਰਕਾਰ ਦੀਆਂ ਸੂਖਮ ਆਵਾਜ਼ਾਂ ਸੁਣ ਲੈਣ ਦੀ ਯੋਗਤਾ ਪ੍ਰਾਪਤ ਕਰ ਲੈਂਦਾ ਹੈ। ਇਹ ਉਹ ਆਵਾਜ਼ਾਂ ਜਾਂ ਸ਼ਬਦ ਹਨ, ਜੋ ਸਾਧਾਰਣ ਇਨਸਾਨ ਆਪਣੇ ਸਥੂਲ ਕੰਨਾਂ ਨਾਲ ਨਹੀਂ ਸੁਣ ਸਕਦਾ।

ਅਨਾਹਤ ਨਾਦ ਜਾਂ ਅਨਾਹਤ ਸ਼ਬਦ ਦਾ ਜ਼ਿਕਰ ਕਰਦਿਆਂ ਗੁਰਬਾਣੀ ਵਿੱਚ ਇਸ ਦੀ ਤੁਲਨਾ ਕਿੰਗੁਰੀ, ਮ੍ਰਿਦੰਗ, ਤੂਰਾ, ਬੀਣਾ, ਬੇਨ (ਬੰਸਰੀ), ਛੁਣਕਾਰ (ਘੁੰਘਰੂਆਂ ਦੀ ਆਵਾਜ਼), ਭੇਰੀ ਆਦਿ ਨਾਲ ਕੀਤੀ ਗਈ ਮਿਲਦੀ ਹੈ।

> ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥ ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥

(੯੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥
(੩੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥
(੧੨੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥
(੩੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਹ ਬਾਜੇ ਅਨਹਦ ਬੀਣਾ ॥੩॥
(੯੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਜੰਤ ਨਾਨਕ ਸਬਦ ਬੀਣਾਂ ॥੧੩॥
(੧੩੫੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥
(੯੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥
(੧੦੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
(੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਮ ਤੌਰ 'ਤੇ ਰਹੱਸਵਾਦੀ ਸਾਧਕਾਂ ਨੇ ਦੱਸ ਪ੍ਰਕਾਰ ਦੀਆਂ ਉਨ੍ਹਾਂ ਆਵਾਜ਼ਾਂ ਦਾ ਜ਼ਿਕਰ ਕੀਤਾ ਹੈ, ਜੋ ਕੋਈ ਸਾਧਕ ਆਪਣੀ ਰਹੱਸਵਾਦੀ ਯਾਤਰਾ ਦੌਰਾਨ ਸੁਣਨ ਦਾ ਸੁਭਾਗ ਪ੍ਰਾਪਤ ਕਰਦਾ ਹੈ। ਸਵਾਮੀ ਨਯਨਾਨੰਦ ਸਰਸਵਤੀ ਜੀ ਨੇ ਇਨ੍ਹਾਂ ਦੱਸ ਆਵਾਜ਼ਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ: -

੧. ਪੰਜੇਬ,
੨. ਸਾਗਰ ਦੀ ਲਹਿਰ,
੩. ਮ੍ਰਿਦੰਗ,
੪. ਸ਼ੰਖ,
੫. ਤੁਰਹੀ,
੬. ਮੁਰਲੀ,
੭. ਬੀਨ,
੮. ਸਿੰਘ-ਗਰਜ,
੯. ਨਫ਼ੀਰੀ, ਤੇ
੧੦. ਬੁਲਬੁਲ।

ਦੇਖੋ, ਸਵਾਮੀ ਨਯਨਾਨੰਦ ਸਰਸਵਤੀ ਜੀ ਦਾ (ਹਿੰਦੀ) ਲੇਖ 'ਅਨਾਹਤ ਨਾਦ', ਕਲਿਆਣ ਸਾਧਨਾ ਅੰਕ, ਗੀਤਾ ਪ੍ਰੈੱਸ, ਗੋਰਖਪੁਰ।

ਇਸ ਤੋਂ ਇਲਾਵਾ, ਸਾਨੂੰ ਇਨ੍ਹਾਂ ਦੱਸ ਆਵਾਜ਼ਾਂ ਦਾ ਯੋਗੀਆਂ ਵੱਲੋਂ ਜ਼ਿਕਰ ਇਸ ਪ੍ਰਕਾਰ ਵੀ ਮਿਲਦਾ ਹੈ: -

੧. ਭ੍ਰਮਰ-ਗੁੰਜਾਰ (ਭੰਵਰੇ ਦੀ ਆਵਾਜ਼),
੨. ਸੰਖ,

੩. ਮ੍ਰਿਦੰਗ,
੪. ਤਾੜੀ,
੫. ਘੰਟੇ ਦੀ ਆਵਾਜ਼,
੬. ਵੀਣਾ,
੭. ਭੇਰੀ,
੮. ਦੁੰਦਭੀ,
੯. ਸਮੁੰਦਰ ਦੀ ਗਰਜ, ਤੇ
੧੦. ਮੇਘ ਦੀ ਗਰਜ਼ ।

ਅਸਲ ਗੱਲ ਇਹ ਹੈ ਕਿ ਜਦੋਂ ਕੋਈ ਵੀ ਸਾਧਕ ਆਪਣੇ ਵੱਲੋਂ ਸੁਣੇ ਗਏ ਕਿਸੇ ਸੂਖਮ ਸ਼ਬਦ ਜਾਂ ਆਵਾਜ਼ ਦਾ ਵਰਣਨ ਕਰਦਾ ਹੈ, ਤਾਂ ਸੁਭਾਵਿਕ ਹੀ ਉਹ ਉਸ ਸੂਖਮ ਜਾਂ ਦਿੱਬ ਆਵਾਜ਼ ਦੀ ਤੁਲਨਾ ਕਿਸੇ ਸਥੂਲ ਵਸਤੂ ਦੀ ਆਵਾਜ਼ ਨਾਲ ਹੀ ਕਰਦਾ ਹੈ । ਹਕੀਕਤ ਵਿੱਚ ਉਸ ਸੂਖਮ ਤੇ ਸਥੂਲ ਆਵਾਜ਼ ਵਿੱਚ ਬਹੁਤ ਅੰਤਰ ਹੁੰਦਾ ਹੈ, ਪ੍ਰੰਤੂ ਮਜਬੂਰੀ ਵਿੱਚ ਹੀ ਉਸ ਸੂਖਮ ਆਵਾਜ਼ ਦੀ ਤੁਲਨਾ ਕਿਸੀ ਸਥੂਲ ਵਸਤੂ ਦੀ ਆਵਾਜ਼ ਨਾਲ ਕਰ ਦਿੱਤੀ ਜਾਂਦੀ ਹੈ । ਸਥੂਲ ਵਸਤੂ ਦੀ ਆਵਾਜ਼ ਨਾਲ ਤੁਲਨਾ ਕਰਨ ਦੀ ਇਹ ਮਜਬੂਰੀ ਇਸ ਲਈ ਹੁੰਦੀ ਹੈ, ਕਿਉਂਕਿ ਸਾਧਾਰਣ ਵਿਅਕਤੀ ਨੇ ਸੂਖਮ ਆਵਾਜ਼ ਨਹੀਂ ਸੁਣੀ ਹੁੰਦੀ, ਪਰ ਸਥੂਲ ਵਸਤੂ ਦੀ ਆਵਾਜ਼ ਸੁਣੀ ਹੁੰਦੀ ਹੈ । ਇਸਲਈ ਸੁਭਾਵਿਕ ਹੀ ਸਾਧਕ ਉਸ ਸਾਧਾਰਣ ਵਿਅਕਤੀ ਨੂੰ ਦੱਸਣ ਲੱਗਿਆਂ ਸੂਖਮ ਆਵਾਜ਼ ਦੀ ਤੁਲਨਾ ਸਥੂਲ ਵਸਤੂ ਦੀ ਆਵਾਜ਼ ਨਾਲ ਕਰ ਦਿੰਦਾ ਹੈ ।

ਉਦਾਹਰਣ ਵਜੋਂ, ਭ੍ਰਮਰ-ਗੁੰਜਾਰ ਜਾਂ ਭੰਵਰੇ ਦੀ ਗੂੰਜ ਦੀ ਆਵਾਜ਼ ਵਰਗੀ ਸੂਖਮ ਆਵਾਜ਼ ਦੀ ਤੁਲਨਾ ਆਧੁਨਿਕ ਸਮੇਂ ਦਾ ਅਨੁਭਵੀ ਸਾਧਕ ਦੂਰ ਉੱਡ ਰਹੇ ਹਵਾਈ ਜਹਾਜ਼ ਦੀ ਆਵਾਜ਼ ਨਾਲ ਵੀ ਕਰ ਸਕਦਾ ਹੈ । ਹਕੀਕਤ ਤਾਂ ਇਹ ਹੀ ਹੈ ਕਿ ਉਹ ਸੂਖਮ ਆਵਾਜ਼ ਨਾ ਤਾਂ ਭ੍ਰਮਰ-ਗੁੰਜਾਰ ਵਰਗੀ ਹੀ ਹੈ ਤੇ ਨਾ ਹੀ ਦੂਰ ਉੱਡ ਰਹੇ ਹਵਾਈ ਜ਼ਹਾਜ਼ ਦੀ ਆਵਾਜ਼ ਵਰਗੀ ।

ਦਰਿ ਵਾਜਹਿ ਅਨਹਤ ਵਾਜੇ ਰਾਮ ॥
ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥
(੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤੁਲਨਾ ਕਰਨ ਵਿੱਚ ਅਜਿਹੇ ਅੰਤਰ ਕਾਰਣ ਹੀ ਕਈ ਵਾਰ ਇਨ੍ਹਾਂ ਦੱਸ ਆਵਾਜ਼ਾਂ ਦਾ ਜ਼ਿਕਰ ਪੰਜ ਆਵਾਜ਼ਾਂ ਦੇ ਤੌਰ 'ਤੇ ਵੀ ਕਰ ਦਿੱਤਾ ਜਾਂਦਾ ਹੈ । ਇਹ ਪੰਜ ਸ਼ਬਦ ਇਸ ਪ੍ਰਕਾਰ ਹਨ: -

੧. ਸੰਖ,
੨. ਮ੍ਰਿਦੰਗ,
੩. ਕਿੰਗੁਰੀ,
੪. ਮੁਰਲੀ, ਤੇ
੫. ਵੀਣਾ ।

ਇਨ੍ਹਾਂ ਹੀ ਪੰਜ ਸ਼ਬਦਾਂ ਨੂੰ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ: -

੧. ਭ੍ਰਮਰ-ਗੁੰਜਾਰ,
੨. ਹਵਾ ਭਰੀ ਨਲਕੀ ਦੀ ਧੁਨੀ,
੩. ਘੰਟਾ,
੪. ਸਮੁੰਦਰ ਦੀ ਗਰਜ, ਤੇ
੫. ਮੇਘ ਦੀ ਗਰਜ ।

ਇਨ੍ਹਾਂ ਸੂਖਮ ਧੁਨਾਤਮਿਕ ਸ਼ਬਦਾਂ ਜਾਂ ਆਵਾਜ਼ਾਂ ਦਾ ਵਰਗੀਕਰਣ ਹੇਠ ਲਿਖੇ ਪੰਜ ਵਰਗਾਂ ਵਿੱਚ ਵੀ ਕੀਤਾ ਜਾਂਦਾ ਹੈ: -

੧. ਤਾਰ ਵਾਲੇ ਸਾਜ਼ਾਂ ਦੀ ਆਵਾਜ਼,
੨. ਚਮੜੇ ਨਾਲ ਮੜ੍ਹੇ ਹੋਏ (ਢੋਲ, ਤਬਲਾ, ਮ੍ਰਿਦੰਗ ਆਦਿ) ਦੀ ਆਵਾਜ਼,
੩. ਧਾਤ ਦੇ ਬਣੇ ਸਾਜ਼, ਜਿਵੇਂ ਘੰਟਾ, ਛੈਣੇ ਆਦਿ ਦੀ ਆਵਾਜ਼,
੪. ਅੰਦਰੋਂ ਖੋਖਲੇ ਸਾਜ਼ਾਂ ਦੀ ਆਵਾਜ਼, ਜਿਨ੍ਹਾਂ 'ਚੋਂ ਤਾਲ ਆਦਿ ਲਈ ਆਵਾਜ਼ ਕੱਢੀ ਜਾਂਦੀ ਹੈ, ਜਿਵੇਂ ਘੜਾ ਆਦਿ
੫. ਫੂਕ ਨਾਲ ਵਜਾਉਣ ਵਾਲੇ ਸਾਜ਼ਾਂ (ਬੰਸਰੀ, ਸ਼ਹਿਨਾਈ ਆਦਿ) ਦੀ ਆਵਾਜ਼ ।

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
(੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
(੭੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਵੇਂ ਦੁਨੀਆਵੀ ਵਸਤੂਆਂ ਦੇ ਨਾਦ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਇਵੇਂ ਹੀ ਵੱਖ-ਵੱਖ ਮਹਿਸੂਸ ਹੁੰਦੇ ਅਨਾਹਤ ਸ਼ਬਦਾਂ ਦੀ ਵੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਅਨਾਹਤ ਨਾਦ ਦਾ ਜ਼ਿਕਰ ਕਰਦਿਆਂ 'ਅਸੰਖ' ਲਫ਼ਜ਼ ਵਰਤ ਲਿਆ ਹੈ : -

ਅਨਹਦ ਨਾਦ ਅਸੰਖ ਸੁਣ ਹੋਏ ਹੈਰਾਣੈ ॥
(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੪)।

ਇਨ੍ਹਾਂ ਅਸੰਖ ਸ਼ਬਦਾਂ ਜਾਂ ਆਵਾਜ਼ਾਂ ਨੂੰ ਚਾਹੇ ਪੰਜ ਵਰਗਾਂ ਵਿੱਚ ਵੰਡ ਲਿਆ ਜਾਏ, ਚਾਹੇ ਦੱਸ ਵਰਗਾਂ ਵਿੱਚ , ਜਾਂ ਇਨ੍ਹਾਂ ਦੀ ਤੁਲਨਾ ਕਿਸੀ ਵੀ ਸਥੂਲ ਵਸਤੂ ਦੀ ਆਵਾਜ਼ ਨਾਲ ਕਰ ਲਈ ਜਾਏ, ਪਰ ਇੱਕ ਗੱਲ ਸਪਸ਼ਟ ਹੈ ਕਿ ਇਹ ਸ਼ਬਦ ਧੁਨਾਤਮਕ ਹਨ, ਵਰਣਾਤਮਕ ਨਹੀਂ। ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ 'ਰਾਮ', 'ਸ਼ਾਮ', 'ਸੋਹੰ', 'ਨਿੰਰਜਨ' ਆਦਿ ਵਾਂਗ ਵਰਣਾਂ (Consonants) ਆਦਿ ਵਿੱਚ ਲਿਖੇ ਜਾਣ ਵਾਲੇ ਕਿਸੀ ਮਨੁੱਖੀ ਭਾਸ਼ਾ ਦੇ ਨਹੀਂ ਹਨ, ਬਲਕਿ ਇਹ 'ਧੁਨੀ' ਦੇ ਰੂਪ ਵਿੱਚ ਹਨ। ਵਰਣਾਤਮਕ ਸ਼ਬਦ ਮਨੁੱਖ ਉਚਾਰਦਾ ਹੈ, ਧੁਨਾਤਮਿਕ ਸ਼ਬਦ ਵਜਾਇਆ ਜਾਂਦਾ ਹੇ। ਜਦੋਂ ਇਨ੍ਹਾਂ ਪੰਚ ਸ਼ਬਦਾਂ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਇਹ ਹੀ ਆਖਿਆ ਜਾਂਦਾ ਹੈ ਕਿ ਇਹ ਸ਼ਬਦ 'ਵੱਜੇ', 'ਵਜਾਏ ਗਏ' ਆਦਿ: -

ਪੰਚ ਸਬਦ ਨਿਰਮਾਇਲ ਬਾਜੇ ॥
(੯੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥
(੯੮੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
(੧੨੯੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਹ ਬਾਜੇ ਸਬਦ ਅਨਾਹਦ ਬਾਣੀ ॥
(੯੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥
(੧੨੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥
(੪੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥
(੯੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥ ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥
(੯੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥
(੧੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
(੧੨੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥ ੬॥
(੧੨੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਬਾਣੀ ਸਬਦੁ ਵਜਾਏ ॥੭॥
(੨੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥
(੨੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥
(੩੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਹਿਨਿਸਿ ਬਾਜੇ ਅਨਹਦ ਤੂਰ ॥
(੩੪੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਬਾਣੀ ਨਾਦੁ ਵਜਾਇਆ ॥੩॥
(੩੭੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ ॥
(੩੮੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥
(੩੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
(੪੪੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ ॥
(੪੫੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
(੫੭੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥੪॥੩॥
(੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥
(੬੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ ॥੧॥ ਰਹਾਉ ॥
(੬੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਾਪੁ ਗਵਾਇਆ ਗੁਰਿ ਪੂਰੇ ॥ ਵਾਜੇ ਅਨਹਦ ਤੂਰੇ ॥
(੬੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਗਲ ਮਨੋਰਥ ਪੂਰੇ ॥ ਬਾਜੇ ਅਨਹਦ ਤੂਰੇ ॥੧॥

(੬੨੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥੧॥
(੬੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਹ ਝਿਲਿ ਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥
(੬੫੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
(੭੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ ॥
(੭੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥
(੭੭੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥
(੭੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥
(੭੮੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
(੭੮੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥
(੭੯੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
(੮੦੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
(੮੩੪-੮੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਸਬਦੁ ਨਿਰਾਲਾ ਵਾਜੇ ॥
(੮੩੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥
(੮੪੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦ ਵਜਾਏ ॥
(੮੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥
(੮੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਧੁਨਿ ਵਾਜੇ ਅਨਹਦ ਘੋਰਾ ॥

(੮੭੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਾਜ ਹਮਾਰੇ ਪੂਰੇ ਸਤਗੁਰ ॥ ਬਾਜੇ ਅਨਹਦ ਤੂਰੇ ਸਤਗੁਰ ॥੧॥ ਰਹਾਉ ॥
(੮੮੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥
(੮੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਜੇ ਅਨਹਦ ਬਾਜਾ ॥
(੮੯੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਸਬਦੁ ਵਜੈ ਦਿਨੁ ਰਾਤੀ ॥
(੯੦੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥
(੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥
(੯੨੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥
(੯੨੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥
ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥ ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥
(੯੨੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
(੯੫੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਕੈ ਘਰਿ ਬਜਾਵਹਿ ਤੂਰ ॥ ਅਨਹਦ ਬਜਹਿ ਸਦਾ ਭਰਪੂਰ ॥੧॥
(੯੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਹ ਬਾਜੇ ਅਨਹਦ ਬੀਣਾ ॥੩॥
(੯੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥
(੯੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
(੧੦੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥
ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥
ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥
(੧੦੩੩-੧੦੩੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
(੧੦੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਸਬਦ ਵਜੇ ਦਰਬਾਰੇ ॥੩॥
(੧੧੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥੨੮॥
(੧੨੪੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥
(੧੩੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
(੧੨੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨॥
(੫੩੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਨ ਨਾਨਕ ਹਰਿ ਮੇਲਾਇਆ ਮੇਰੀ ਜਿੰਦੁੜੀਏ ਘਰਿ ਵਾਜੇ ਸਬਦ ਘਣੇਰੇ ਰਾਮ ॥੨॥
(੫੩੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਹ ਝਿਲਿ ਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥
(੬੫੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
(੭੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥ ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥
(੭੭੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
(੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
(੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰ ਪਰਸਾਦੀ ਪਿਰਮ ਕਸਾਈ ॥ ਮਿਲਉਗੀ ਦਇਆਲ ਪੰਚ ਸਬਦ ਵਜਾਈ ॥੩॥
(੧੧੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥
(੧੨੦੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ॥
(੧੩੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥

(੧੩੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਾਜੰਤ ਨਾਨਕ ਸਬਦ ਬੀਣਾਂ ॥੧੩॥
(੧੩੫੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਹ ਧੁਨੀ ਕੁਦਰਤ ਵਿੱਚ ਮੌਜੂਦ ਹੈ ਤੇ ਸਾਧਕ ਇਸ ਨੂੰ ਉਦੋਂ ਸੁਣ ਲੈਣ ਦੀ ਯੋਗਤਾ ਪ੍ਰਾਪਤ ਕਰ ਲੈਂਦਾ ਹੈ, ਜਦੋਂ ਸਮਾਧੀ ਦੀ ਡੂੰਘੀ ਅਵਸਥਾ ਵਿੱਚ ਉੱਤਰਦਾ ਹੈ।

'ਅਨਾਹਤ' ਤੋਂ ਕੀ ਭਾਵ ਹੈ?

ਆਹਤ ਤੋਂ ਭਾਵ ਹੈ, ਮਾਰਨਾ। ਜਦੋਂ ਦੋ ਜਾਂ ਦੋ ਤੋਂ ਵੱਧ ਵਸਤੂਆਂ ਨੂੰ ਆਪਸ ਵਿੱਚ ਮਾਰਿਆ ਜਾਂ ਟਕਰਾਇਆ ਜਾਂਦਾ ਹੈ, ਤਾਂ ਆਵਾਜ਼ ਪੈਦਾ ਹੁੰਦੀ ਹੈ। ਇਹ ਆਵਾਜ਼ ਸਾਡੇ ਕੰਨਾਂ ਤੱਕ ਪੁੱਜਦੀ ਹੈ। ਸਾਡੇ ਕੰਨ ਇਸ ਆਵਾਜ਼ ਨੂੰ ਗ੍ਰਹਿਣ ਕਰ ਕੇ ਮਨ ਤਕ ਇਸ ਦੀ ਸੂਚਨਾ ਪਹੁੰਚਾਉਂਦੇ ਹਨ। ਇਸ ਨੂੰ ਅਸੀਂ ਆਵਾਜ਼ ਸੁਣਨਾ ਆਖਦੇ ਹਾਂ।

ਹਰ ਉਹ ਆਵਾਜ਼, ਜੋ ਅਸੀਂ ਸੁਣਦੇ ਹਾਂ, 'ਆਹਤ ਨਾਦ' ਜਾਂ 'ਆਹਤ ਸ਼ਬਦ' ਹੁੰਦੀ ਹੈ। ਜਦੋਂ ਅਸੀਂ ਬੋਲਦੇ ਹਾਂ, ਉਦੋਂ ਵੀ ਸਾਡੀ ਜੀਭ ਸਾਡੇ ਮੂੰਹ ਦੇ ਅੰਦਰ ਵੱਖ-ਵੱਖ ਹਿੱਸਿਆਂ ਨੂੰ ਛੂੰਹਦੀ ਹੈ ਤੇ ਗਲੇ ਵਿੱਚੋਂ ਬਾਹਰ ਆ ਰਹੀ ਹਵਾ ਟਕਰਾਉਣ ਨਾਲ ਇੱਕ ਆਵਾਜ਼ ਪੈਦਾ ਹੁੰਦੀ ਹੈ। ਇਹ ਆਵਾਜ਼ ਹਵਾ ਦੇ ਜੀਭ ਤੇ ਮੂੰਹ ਦੇ ਅੰਦਰ ਵੱਖ-ਵੱਖ ਸਥਾਨਾਂ ਨਾਲ ਟਕਰਾਉਣ ਕਾਰਣ ਪੈਦਾ ਹੁੰਦੀ ਹੈ। ਇਸ ਲਈ ਇਹ 'ਆਹਤ ਨਾਦ' ਜਾਂ 'ਆਹਤ ਸ਼ਬਦ' ਹੈ।

ਆਹਤ ਦਾ ਉਲਟਾ 'ਅਨਾਹਤ' ਹੈ। ਉਹ ਧੁਨਾਤਮਿਕ ਸ਼ਬਦ, ਜੋ ਕਿਸੇ ਦੋ ਜਾਂ ਅਧਿਕ ਸਥੂਲ ਵਸਤੂਆਂ ਦੇ ਆਪਸ ਵਿੱਚ ਟਕਰਾਉਣ ਨਾਲ ਨਹੀਂ ਪੈਦਾ ਹੋਇਆ, ਉਹ 'ਅਨਾਹਤ ਸ਼ਬਦ' ਹੈ। ਸਾਧਕ ਜਿਸ ਸ਼ਬਦ ਨੂੰ ਸਮਾਧੀ ਦੌਰਾਨ ਪ੍ਰਤੱਖ ਸੁਣਦਾ ਹੈ, ਉਹ ਅਨਾਹਤ ਸ਼ਬਦ ਜਾਂ ਅਨਾਹਤ ਨਾਦ ਹੈ।

ਮੂਲ ਰੂਪ ਵਿੱਚ ਅਨਾਹਤ ਸ਼ਬਦ 'ਓਅੰਕਾਰ' ਹੈ। ਇਹ ਵਰਣਾਤਮਿਕ ਨਹੀਂ ਹੈ। ਇਸੇ ਕਾਰਣ ਦੇਵਨਾਗਰੀ ਦੀ ਵਰਣਮਾਲਾ ਤੋਂ ਬਾਹਰ ਓਅੰਕਾਰ ਦਾ ਇੱਕ ਵਿਸ਼ੇਸ਼ ਵੱਖਰਾ ਚਿੰਨ੍ਹ ਰੱਖਿਆ ਗਿਆ ਹੈ, ਜੋ ਇਸ ਪ੍ਰਕਾਰ ਹੈ: - ॐ। ਇਸ ਨੂੰ ਪ੍ਰਣਵ ਆਖਿਆ ਜਾਂਦਾ ਹੈ। ਆਮ ਤੌਰ 'ਤੇ ਇਸ ਨੂੰ 'ਓਮ' ਜਾਂ ਅਓਮ (ਅਤਸ) ਦੇ ਤੌਰ 'ਤੇ ਲਿੱਖ ਜਾਂ ਉਚਾਰ ਲਿਆ ਜਾਂਦਾ ਹੈ, ਪਰ ਜੋ ਅਨਾਹਤ ਨਾਦ ਨੂੰ ਸੁਣ ਚੁੱਕੇ ਹਨ, ਉਹ ਜਾਣਦੇ ਹਨ ਕਿ ਅਸਲ ਅਨਾਹਤ ਓਅੰਕਾਰ ਧੁਨੀ ਵਰਣਾਤਮਿਕ ਧੁਨੀ ਤੋਂ ਵੱਖਰੀ ਹੈ।

ਗੁਰਮੁਖੀ ਲਿਪੀ ਵਿੱਚ ਵੀ ਓਅੰਕਾਰ ਲਈ ਵੱਖਰਾ ਚਿੰਨ੍ਹ ਇਸੇ ਲਈ ਨਿਰਧਾਰਿਤ ਕੀਤਾ ਗਿਆ ਹੈ, ਕਿਉਂਕਿ ਇਹ ਓਅੰਕਾਰ ਧੁਨੀ ਵਰਣਾਤਮਿਕ ਨਹੀਂ ਹੈ। ਗੁਰਬਾਣੀ ਵਿੱਚ ਅਦਵੈਤ ਦਾ ਨਿਰਦੇਸ਼ ਕਰਨ ਲਈ ਓਅੰਕਾਰ ਦੇ ਨਾਲ ੧ ਲਗਾ ਕੇ ਗੁਰੂ ਨਾਨਕ ਸਾਹਿਬ ਜੀ ਨੇ ਉਸ ਅਨਾਹਤ ਨਾਦ ਦੇ ਚਿੰਨ੍ਹ ਦਾ ਸਰੂਪ '੧ੴ' ਦੇ ਤੌਰ 'ਤੇ ਨਿਰਧਾਰਿਤ ਕਰ ਦਿੱਤਾ। 'ਕਾਰ' ਇਸ ਪ੍ਰਣਵ ਧੁਨੀ ਦੀ ਨਿਰੰਤਰਤਾ ਦਾ ਪ੍ਰਤੀਕ ਹੈ। ਇਹ ਧੁਨੀ ਉਸ ਵੇਲੇ ਤੋਂ ਹੀ ਗੂੰਜ ਰਹੀ ਹੈ, ਜਦੋਂ ਇਹ ਦਿੱਸਦਾ ਪਸਾਰਾ ਅਜੇ ਪੈਦਾ ਹੀ ਨਹੀਂ ਸੀ ਹੋਇਆ।

ਸਿਰਫ਼ ਇੰਨਾ ਹੀ ਨਹੀਂ ਕਿ ਓਅੰਕਾਰ ਧੁਨੀ ਇਸ ਬ੍ਰਹਿਮੰਡ ਦੇ ਪੈਦਾ ਹੋਣ ਤੋਂ ਵੀ ਪਹਿਲਾਂ ਮੌਜੂਦ ਸੀ, ਬਲਕਿ ਇਹ ਸਾਰਾ ਦਿੱਸਦਾ ਪਸਾਰਾ ਵੀ ਓਅੰਕਾਰ ਹੀ ਤੋਂ ਪੈਦਾ ਹੋਇਆ। ਇਹ ਹੀ ਈਸ਼ਵਰ ਹੈ, ਜੋ ਓਅੰਕਾਰ ਧੁਨੀ ਦੇ ਰੂਪ ਵਿੱਚ ਪ੍ਰਗਟ ਹੋ ਕੇ ਭਗਤਾਂ ਦੇ ਦਸਮਦੁਆਰ ਵਿੱਚ ਗੂੰਜਦਾ ਹੈ।

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥੧॥ (੯੨੯-੯੩੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਵੇਂ ਸਾਧਾਰਣ ਮਨੁੱਖ ਸੰਗੀਤ ਤੇ ਕੰਨ-ਫਾੜੂ ਸ਼ੋਰ ਵਿੱਚਲਾ ਅੰਤਰ ਸਮਝਦਾ ਹੈ, ਉਵੇਂ ਹੀ ਅਨੁਭਵੀ ਸਾਧਕ ਸੂਖਮ ਸ਼ਬਦ ਤੇ ਸਥੂਲ ਵਿੱਚਲੇ ਅੰਤਰ ਨੂੰ ਜਾਣਦਾ ਹੈ। ਜਿਵੇਂ ਸਾਧਾਰਣ ਮਨੁੱਖ ਕੰਨ-ਫਾੜੂ ਸ਼ੋਰ ਤੋਂ ਬੱਚ ਕੇ ਦੁਨੀਆਵੀ ਸੰਗੀਤ ਦਾ ਆਨੰਦ ਮਾਣਨਾ ਚਾਹੁੰਦਾ ਹੈ, ਉਵੇਂ ਹੀ ਅਨੁਭਵੀ ਸਾਧਕ ਸੂਖਮ ਸ਼ਬਦ ਦੇ ਆਨੰਦ ਵਿੱਚ ਹੀ ਮਸਤ ਰਹਿਣਾ ਚਾਹੁੰਦਾ ਹੈ। ਇਕਾਂਤ ਵਿੱਚ ਸੂਖਮ ਸ਼ਬਦ ਦਾ ਆਨੰਦ ਮਾਣਨਾ ਜ਼ਿਆਦਾ ਸੰਭਵ ਹੋਣ ਕਾਰਣ ਅਨੁਭਵੀ ਸਾਧਕ ਹਮੇਸ਼ਾ ਇਕਾਂਤ ਨੂੰ ਪਸੰਦ ਕਰਦਾ ਹੈ।

ਅਨੁਭਵੀ ਸਾਧਕ ਜਦੋਂ ਅਨਾਹਤ ਸ਼ਬਦ ਦਾ ਆਨੰਦ ਮਾਣਨ ਲੱਗ ਪੈਂਦਾ ਹੈ, ਤਾਂ ਉਸਨੂੰ ਕਿੰਗਰੀ ਵਰਗੇ ਕਿਸੇ ਬਾਹਰੀ ਸੰਗੀਤਕ ਸਾਜ਼ ਰਾਹੀਂ ਧਿਆਨ ਲਗਾਉਣ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਅਨਾਹਤ ਨਾਦ ਵਿੱਚ ਹੀ ਧਿਆਨ ਲਗਾ ਕੇ ਸਹਜ ਅਵਸਥਾ ਵਿੱਚ ਰਹਿੰਦਾ ਹੈ।

ਕਿੰਕੁਰੀ ਅਨੂਪ ਵਾਜੈ ॥ ਜੋਗੀਆ ਮਤਵਾਰੋ ਰੇ ॥੧॥ ਰਹਾਉ ॥
(੮੮੬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਾਹਤ ਨਾਦ ਵਰਗੀ ਹੋਰ ਕੋਈ ਆਵਾਜ਼ ਨਹੀਂ, ਅਨਾਹਤ ਨਾਦ ਵਰਗਾ ਹੋਰ ਕੋਈ ਸਾਜ਼ ਨਹੀਂ। ਜਿਸ ਉੱਤੇ ਗੁਰੂ ਕਿਰਪਾ ਕਰ ਦਵੇ, ਉਹ ਹੀ ਅਨਾਹਤ ਨਾਦ ਵਿੱਚ ਆਪਣੀ ਲਿਵ ਜੋੜਦਾ ਹੈ।

ਅਨਹਦ ਨਾਦ ਸਮਸਰਿ ਨਾਦ ਬਾਦ ਕਉਨ
ਸ੍ਰੀ ਗੁਰ ਸੁਨਾਵੇ ਜਾਹਿ ਸੋਈ ਲਿਵ ਲਾਵਈ ॥
(ਕਬਿੱਤ ੧੦, ਭਾਈ ਗੁਰਦਾਸ ਜੀ)।

ਸੁਰਤਿ ਸੰਕੋਚਤ ਹੀ ਬਜਰ ਕਪਾਟ ਖੋਲਿ
ਨਾਦ ਬਾਦ ਪਰੈ ਅਨਹਤ ਲਿਵ ਲਾਵਈ ॥
(ਕਬਿੱਤ ੧੧, ਭਾਈ ਗੁਰਦਾਸ ਜੀ)।

ਮਾਇਆ ਅਉ ਬ੍ਰਹਮ ਸਮ ਦਸਮ ਦੁਆਰ ਪਾਰਿ
ਅਨਹਦ ਰੁਨਝੁਨ ਬਾਜਤ ਨੀਸਾਨੇ ਹੈ ॥
(ਕਬਿੱਤ ੨੯, ਭਾਈ ਗੁਰਦਾਸ ਜੀ)।

ਇਸ ਨਾਦ ਨੂੰ ਸੁਣਦਾ ਹੋਇਆ ਸਾਧਕ ਸਤਵ ਦੇ ਪ੍ਰਕਾਸ਼ ਵਿੱਚ ਹੋਰ ਅੱਗੇ ਵੱਧਦਾ ਹੈ, ਜਿਸ ਨਾਲ ਉਹ ਸਮਾਧੀ ਦੀ ਹੋਰ ਉੱਚੀ ਅਵਸਥਾ ਤੱਕ ਪਹੁੰਚ ਜਾਂਦਾ ਹੈ।

ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ

ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਨੂੰ ਯੋਗਸੂਤ੍ਰ ਦੇ ਆਧਾਰ ਉੱਤੇ 'ਆਨੰਦਾਨੁਗਤ ਸੰਪਰਗਿਆਤ ਸਮਾਧੀ' ਆਖਿਆ ਜਾਂਦਾ ਹੈ। ਇਹ ਨਾਮ ('ਆਨੰਦਾਨੁਗਤ ਸੰਪਰਗਿਆਤ ਸਮਾਧੀ') ਦੇਣ ਦਾ ਕਾਰਣ ਇਹ ਹੈ ਕਿ ਇਸ ਸਮਾਧੀ ਵਿੱਚ ਪਹੁੰਚਿਆ ਸਾਧਕ ਅਜਿਹੇ ਅਕਥਨੀ ਸੁੱਖ ਦਾ ਅਨੁਭਵ ਕਰਦਾ ਹੈ, ਜੋ ਨਾ ਤਾਂ ਸਥੂਲ ਗਿਆਨ-ਇੰਦਰੀਆਂ ਤੋਂ ਪ੍ਰਾਪਤ ਹੁੰਦਾ ਹੈ ਤੇ ਨਾ ਹੀ ਸੂਖਮ ਗਿਆਨ-ਇੰਦਰੀਆਂ ਤੋਂ। ਇਹ ਅਜਿਹਾ ਆਨੰਦ ਹੈ, ਜੋ ਆਤਮਾ ਦਾ ਗੁਣ ਨਹੀਂ, ਬਲਕਿ 'ਅਹੰਕਾਰ' ਦਾ ਹੀ ਇੱਕ ਗੁਣ ਹੈ। ਇਹ 'ਅਹੰਕਾਰ' ਅੰਤਹਕਰਣ ਦਾ ਹੀ ਇੱਕ ਹਿੱਸਾ ਹੈ।

ਅਜਿਹਾ ਸੁੱਖ, ਜੋ ਸਮਾਧੀ ਦੀ ਇਸ ਅਵਸਥਾ ਵਿੱਚ ਮਿਲਦਾ ਹੈ, ਮੁਕਤੀ ਨਹੀਂ।

नानन्दाभिव्यक्तिर्मुक्तिर्निर्धर्मत्वात॥ (सूत्र ७०, अध्याय ५, सांख्य दर्शन)।

ਭਾਵ, ਆਨੰਦ ਦਾ ਪ੍ਰਗਟ ਹੋ ਜਾਣਾ ਮੁਕਤੀ ਨਹੀਂ, ਕਿਉਂਕਿ (ਅਜਿਹਾ ਆਨੰਦ ਆਤਮਾ ਦਾ) ਧਰਮ ਨਹੀਂ। (ਸੂਤ੍ਰ ੭੦, ਅਧਿਆਇ ੫, ਸਾਂਖਯ ਦਰਸ਼ਨ)।

ਸਾਂਖਯ ਦਰਸ਼ਨ ਜਿਸ ਆਨੰਦ ਦਾ ਇਸ ਸਮਾਧੀ ਦੌਰਾਨ ਪ੍ਰਗਟ ਹੋ ਜਾਣਾ ਮੰਨਦਾ ਹੈ, ਜੇ ਉਹ ਆਨੰਦ ਆਤਮਾ ਦਾ ਹੀ ਆਪਣਾ ਗੁਣ/ਧਰਮ ਨਹੀਂ ਹੈ, ਤਾਂ ਫਿਰ ਇਹ ਆਨੰਦ ਕਿਹੜਾ ਹੈ?

ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਜੋ ਅਨੁਭਵ ਹੁੰਦਾ ਹੈ, ਉਹ ਮਨ, ਸਥੂਲ ਤੇ ਸੂਖਮ ਗਿਆਨ-ਇੰਦਰੀਆਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਅੰਤਹਕਰਣ ਦਾ ਇੱਕ ਹਿੱਸਾ ਅਜਿਹਾ ਹੈ, ਜੋ ਜੀਵ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ 'ਉਹ ਹੈ, ਤੇ ਬਾਕੀਆਂ ਨਾਲੋਂ ਵੱਖਰਾ ਹੈ'। ਇਹ ਅਹਿਸਾਸ ਅਜਿਹਾ ਹੈ, ਜੋ ਉਸ ਨੂੰ ਪਰਮਾਤਮਾ ਤੇ ਹੋਰਨਾਂ ਜੀਵਾਂ ਤੋਂ ਵੱਖਰਾ ਹੋਣ ਦੇ ਭਰਮ ਵਿੱਚ ਪਾ ਦਿੰਦਾ ਹੈ। ਅੰਤਹਕਰਣ ਦੇ ਇਸੇ ਹਿੱਸੇ ਨੂੰ 'ਅਹੰਕਾਰ' ਆਖਿਆ ਗਿਆ ਹੈ। ਇਸ ਅਵਸਥਾ ਵਿੱਚ ਜੀਵ ਕੋਈ ਇੱਛਾ ਨਹੀਂ ਕਰਦਾ। ਉਸ ਨੂੰ ਕਿਸੇ ਸੰਸਾਰਿਕ ਦੁੱਖ ਦੀ ਪ੍ਰਤੀਤੀ ਨਹੀਂ ਹੁੰਦੀ। ਇਸ ਸਮਾਧੀ ਵਿੱਚ ਸਾਧਕ ਇਹ ਪ੍ਰਤੱਖ ਕਰ ਲੈਂਦਾ ਹੈ ਕਿ 'ਵੀਚਾਰ' (Thought) ਉਸ ਦੀ ਬੁੱਧੀ ਦਾ ਕੰਮ ਹੈ ਤੇ ਉਹ ਬੁੱਧੀ ਨਾਲੋਂ ਵੱਖਰਾ ਹੈ। ਬੁੱਧੀ ਉਸ ਦਾ ਇੱਕ ਕਰਣ ਜਾਂ ਔਜ਼ਾਰ (Tool / Device) ਹੈ ਤੇ ਉਹ ਇਸ ਔਜ਼ਾਰ ਨੂੰ ਵਰਤ ਕੇ ਅਪਰਾ ਵਿਦਿਆ ਜਾਂ ਤ੍ਰਿਗੁਣਾਤਮਿਕਾ ਵਿਦਿਆ ਹਾਸਿਲ ਕਰਦਾ ਹੈ। ਉਹ ਨਿਰੀ ਅਪਰਾ ਵਿਦਿਆ ਦੀ ਨਿਰਾਰਥਕਤਾ ਨੂੰ ਜਾਣ ਲੈਂਦਾ ਹੈ। ਜਿਵੇਂ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਸਾਧਕ ਆਪਣੇ ਮਨ ਨੂੰ ਸੰਕਲਪ-ਵਿਕਲਪ ਤੋਂ ਹਟਾ ਦਿੰਦਾ ਹੈ, ਉਵੇਂ ਹੀ ਸਾਧਕ ਇਸ ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਆਪਣੀ ਬੁੱਧੀ ਨੂੰ ਕਿਸੇ ਵੀਚਾਰ ਤੋਂ ਹਟਾ ਦਿੰਦਾ ਹੈ।

ਉਹ ਅਜਿਹੀ ਸਥਿੱਤੀ ਵਿੱਚ ਹੁੰਦਾ ਹੈ, ਜਿੱਥੇ ਉਹ ਸਥੂਲ ਸਰੀਰ (ਜੂਨੀ) ਤੇ ਸੂਖਮ ਸਰੀਰ ਦੇ ਬੰਧਨ ਤੋਂ ਆਜ਼ਾਦ ਹੋਇਆ ਮਹਿਸੂਸ ਕਰਦਾ ਹੈ। ਅਜਿਹੀ ਪ੍ਰਤੀਤੀ ਨਾਲ ਉਸ ਨੂੰ ਜੋ ਸੁੱਖ ਮਿਲਦਾ ਹੈ, ਉਸੇ ਨੂੰ ਸਾਂਖਯ ਦਰਸ਼ਨ ਨੇ 'ਆਨੰਦ' ਦਾ ਨਾਮ ਦਿੱਤਾ ਹੈ। ਇਹ ਜੋ ਆਨੰਦ ਇਸ ਅਵਸਥਾ ਵਿੱਚ ਪ੍ਰਗਟ ਹੁੰਦਾ ਹੈ, ਇਹ ਅੰਤਹਕਰਣ ਵਿੱਚਲੇ 'ਅਹੰਕਾਰ' ਦਾ ਗੁਣ ਹੈ, ਆਤਮਾ ਦਾ ਆਪਣਾ ਗੁਣ/ਧਰਮ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਸ 'ਆਨੰਦ' ਦਾ ਜ਼ਿਕਰ ਹੈ, ਉਹ ਇਸ ਸਮਾਧੀ ਤੋਂ ਪ੍ਰਗਟ ਹੋਏ ਆਨੰਦ ਤੋਂ ਵੱਖਰੀ ਅਵਸਥਾ ਹੈ।

ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥ ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥
(੩੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਉ ॥
(੧੨੦੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਰਬ ਸੂਖ ਆਨੰਦ ਸਹਜ ਰਸ ਸੁਨਤ ਤੁਹਾਰੋ ਨਾਇਓ ॥੧॥ ਰਹਾਉ ॥
(੧੨੧੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥
(੨੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਬ ਮੋਰੈ ਮਨਿ ਭਇਆ ਅਨੰਦ ॥ ਭਉ ਚੂਕਾ ਟੂਟੇ ਸਭਿ ਫੰਦ ॥
(੩੯੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ ॥ ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ ॥੮॥੧॥੨॥
(੪੩੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥
(੬੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥
(੯੧੭-੯੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਜਿਸ 'ਵਿਕ੍ਰਿਤੀ' (ਸੂਖਮ ਤੱਤ ਤੇ ਸੂਖਮ ਗਿਆਨ-ਇੰਦਰੀਆਂ) ਦਾ ਪ੍ਰਤੱਖ ਕੀਤਾ ਗਿਆ ਹੈ, ਉਸ ਦੀ ਨਿਸ਼ਚਿਤ ਹੀ ਕੋਈ ਪ੍ਰਕ੍ਰਿਤੀ ਜ਼ਰੂਰ ਹੈ, ਇਹ ਅਨੁਮਾਨ ਲਗਾ ਲਿਆ ਜਾਂਦਾ ਹੈ । ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਜਿਸ 'ਪ੍ਰਕ੍ਰਿਤੀ' ਦਾ ਅਨੁਮਾਨ ਲਗਾਇਆ ਹੈ, ਉਸ ਨੂੰ ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਜਾ ਕੇ ਪ੍ਰਤੱਖ ਕਰ ਲਿਆ ਜਾਂਦਾ ਹੈ ।

ਜੇ ਉਹ 'ਨੇਤਿ' 'ਨੇਤਿ' (ਅਰਥਾਤ 'ਇਹ ਨਹੀਂ ਹੈ', 'ਇਹ ਨਹੀਂ ਹੈ') ਦੀ ਰੱਟ ਲਾਈ ਰੱਖੇ, ਤਾਂ ਉਹ ਪ੍ਰਾਪਤ 'ਪ੍ਰਤੱਖ' ਤੋਂ 'ਅਨੁਮਾਨ' ਲਗਾ ਕੇ ਹੋਰ ਉੱਚੇਰੀ ਅਵਸਥਾ ਬਾਰੇ ਸੋਚਦਾ ਹੈ । ਉਹ ਇੱਥੇ ਹੀ ਨਹੀਂ ਰੁੱਕ ਕੇ ਰਹਿ ਜਾਂਦਾ, ਸਗੋਂ ਉਹ ਹੋਰ ਉਚੇਰੀ ਅਵਸਥਾ ਵੱਲ ਵੱਧਦਾ ਹੈ ।

ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ

ਜਦੋਂ ਹੀ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਅਨੁਮਾਨ ਕੀਤੀ ਗਈ 'ਪ੍ਰਕ੍ਰਿਤੀ' ਨੂੰ ਅਹੰਕਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਪ੍ਰਤੱਖ ਕਰ ਲਿਆ ਜਾਂਦਾ ਹੈ, ਤਾਂ ਸਾਧਕ 'ਨੇਤਿ ਨੇਤਿ' ਆਖਦਾ ਹੋਇਆ ਹੋਰ ਅੱਗੇ ਵੱਧਣ ਲਈ ਤੱਤਪਰ ਹੁੰਦਾ ਹੈ । ਉਹ ਜਾਣ ਲੈਂਦਾ ਹੈ ਕਿ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਜਿਸ ਨੂੰ 'ਪ੍ਰਕ੍ਰਿਤੀ' ਅਨੁਮਾਨ ਕੀਤਾ ਗਿਆ ਸੀ, ਉਹ ਤਾਂ ਅਜੇ ਵੀ 'ਵਿਕ੍ਰਿਤੀ' ਹੀ ਸਿੱਧ ਹੋ ਰਹੀ ਹੈ । ਇਹ 'ਨੇਤਿ ਨੇਤਿ' ਅਰਥਾਤ ਇਹ ਨਹੀਂ ਹੈ, ਇਹ ਨਹੀਂ ਹੈ । ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਅਨੁਮਾਨਿਤ 'ਪ੍ਰਕ੍ਰਿਤੀ' ਵੀ ਅਹੰਕਾਰ ਆਧਾਰਿਤ ਵਿੱਚ 'ਵਿਕ੍ਰਿਤੀ' ਹੀ ਸਿੱਧ ਹੋਈ, ਤਾਂ ਫਿਰ ਅਨੁਮਾਨ ਲਗਾਇਆ ਗਿਆ ਕਿ ਇਸ 'ਵਿਕ੍ਰਿਤੀ' ਦੀ ਵੀ ਕੋਈ ਪ੍ਰਕ੍ਰਿਤੀ ਹੈ । ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਅਨੁਮਾਨ ਕੀਤੀ ਵਸਤੂ ਦਾ ਪ੍ਰਤੱਖ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਹੁੰਦਾ ਹੈ । ਇਸ ਸਮਾਧੀ ਵਿੱਚ ਸਾਧਕ ਅਸਮਿਤਾ ਦਾ ਪ੍ਰਤੱਖ ਕਰਦਾ ਹੈ । ਜਿਵੇਂ ਸਾਧਕ ਅਹੰਕਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਆਪਣੀ ਬੁੱਧੀ ਨੂੰ ਕਿਸੇ ਵੀਚਾਰ ਤੋਂ ਹਟਾ ਦਿੰਦਾ ਹੈ, ਉਵੇਂ ਹੀ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਦੌਰਾਨ ਉਹ ਚਿੱਤ ਨੂੰ 'ਅਹਮ-ਭਾਵ' (ਸਾਰੀ ਕਾਇਨਾਤ ਤੋਂ ਆਪਣੇ ਆਪ ਨੂੰ ਅਲੱਗ ਸਮਝਣ ਦਾ ਭਰਮ) ਤੋਂ ਹਟਾ ਦਿੰਦਾ ਹੈ ।

ਅਸਮਿਤਾ ਜੀਵ ਦੇ ਅੰਤਹਕਰਣ ਦਾ ਸਭ ਤੋਂ ਸੂਖਮ ਜਾਂ ਪਹਿਲਾ ਹਿੱਸਾ ਹੈ। ਇਹ ਜੀਵ ਵਿੱਚ ਸਭ ਤੋਂ ਜ਼ਿਆਦਾ ਸੱਤਵ ਗੁਣ ਵਾਲੀ ਵਸਤੂ ਜਾਂ ਅਵਸਥਾ ਹੈ। ਇੱਥੇ ਰਜੋਗੁਣ ਮਹਿਜ਼ ਕਿਰਿਆ ਮਾਤ੍ਰ ਤੇ ਤਮੋਗੁਣ ਉਸ ਕਿਰਿਆ ਨੂੰ ਰੋਕਣ ਲਈ ਲੇਸ਼ਮਾਤਰ ਹੀ ਹੈ। ਇੱਥੇ ਅਹੰਕਾਰਭੂਮੀ ਆਧਾਰਿਤ ਸਮਾਧੀ ਨਾਲੋਂ ਜ਼ਿਆਦਾ ਸੁੱਖ ਦੀ ਪ੍ਰਤੀਤੀ ਹੁੰਦੀ ਹੈ। ਇੱਥੇ ਪ੍ਰਾਪਤ ਸੁੱਖ ਤ੍ਰਿਗੁਣ ਤੋਂ ਪ੍ਰਾਪਤ ਸਭ ਤੋਂ ਵੱਡਾ ਜਾਂ ਜ਼ਿਆਦਾ ਸੁੱਖ ਹੈ। ਕੋਈ ਹੋਰ ਤ੍ਰਿਗੁਣਾਤਮਕ ਸੁੱਖ ਇਸ ਤੋਂ ਜ਼ਿਆਦਾ ਨਹੀਂ ਹੋ ਸਕਦਾ।

ਇਹ ਅਵਸਥਾ ਅਹੰਕਾਰਭੂਮੀ ਆਧਾਰਿਤ ਸਮਾਧੀ ਤੋਂ ਵੀ ਜ਼ਿਆਦਾ ਪ੍ਰਕਾਸ਼ਮਾਨ ਹੁੰਦੀ ਹੈ। ਅਜਿਹਾ ਹੋਣ ਦੀ ਵਜ੍ਹਾ ਇਹ ਹੈ ਕਿ ਤ੍ਰਿਗੁਣਾਤਮਕ ਅਸਮਿਤਾ ਤ੍ਰਿਗੁਣਾਤੀਤ ਆਤਮਾ ਦੇ ਸਭ ਤੋਂ ਨੇੜੇ ਦੀ ਵਸਤੂ ਹੈ। ਨੂਰੋ-ਨੂਰ ਆਤਮਾ ਦਾ ਪ੍ਰਕਾਸ਼ ਹੀ ਅਸਮਿਤਾ ਨੂੰ ਪ੍ਰਕਾਸ਼ਿਤ ਕਰਦਾ ਹੈ। ਅਸਮਿਤਾ ਦਾ ਇਹ ਪ੍ਰਕਾਸ਼ ਆਤਮਾ ਤੋਂ ਹੀ ਪ੍ਰਕਾਸ਼ਿਤ ਹੈ। ਅਸਮਿਤਾ ਦਾ ਇਹ ਹੀ ਪ੍ਰਕਾਸ਼ ਅੱਗੇ ਅੰਤਹਕਰਣ ਦੇ ਅੱਗਲੇ ਹਿੱਸੇ 'ਅਹੰਕਾਰ' ਨੂੰ ਪ੍ਰਕਾਸ਼ਿਤ ਕਰਦਾ ਹੈ।

ਆਤਮਾ ਤੋਂ ਪ੍ਰਕਾਸ਼ਿਤ ਹੋਣ ਦੀ ਇਸ ਕਿਰਿਆ ਨੂੰ ਇੱਕ ਉਦਾਹਰਣ ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ। ਸੂਰਜ ਪ੍ਰਕਾਸ਼ ਦਿੰਦਾ ਹੈ। ਚੰਦਰਮਾ ਦਾ ਆਪਣਾ ਕੋਈ ਪ੍ਰਕਾਸ਼ ਨਹੀਂ ਹੈ। ਰਾਤ ਸਮੇਂ ਜੋ ਪ੍ਰਕਾਸ਼ ਚੰਦਰਮਾ ਤੋਂ ਨਿਕਲਦਾ ਮਹਿਸੂਸ ਹੁੰਦਾ ਹੈ, ਉਹ ਅਸਲ ਵਿੱਚ ਸੂਰਜ ਦਾ ਹੀ ਪ੍ਰਕਾਸ਼ ਹੈ। ਸੂਰਜ ਦਾ ਪ੍ਰਕਾਸ਼ ਚੰਦਰਮਾ ਉੱਤੇ ਪੈਂਦਾ ਹੈ ਤੇ ਸੂਰਜ ਦਾ ਉਹ ਹੀ ਪ੍ਰਕਾਸ਼ ਪ੍ਰਤਿਬਿੰਬਿਤ ਹੋ ਕੇ ਰਾਤ ਸਮੇਂ ਧਰਤੀ ਦੇ ਹਨੇਰੇ ਹਿੱਸੇ ਤੱਕ ਪਹੁੰਚਦਾ ਹੈ। ਚੰਦਰਮਾ ਤੋਂ ਜਿਹੜਾ ਪ੍ਰਕਾਸ਼ ਧਰਤੀ ਤੱਕ ਪੁੱਜਦਾ ਹੈ, ਉਹ ਰਾਤ ਦੇ ਹਨੇਰੇ ਵਿੱਚ ਡੁੱਬੀ ਧਰਤੀ ਨੂੰ ਵੀ ਕੁੱਝ ਪ੍ਰਕਾਸ਼ ਦਿੰਦਾ ਹੈ। ਉਸ ਪ੍ਰਕਾਸ਼ ਵਿੱਚ ਜੀਵ ਚਾਨਣੀ ਰਾਤ ਵਿੱਚ ਕੁੱਝ-ਕੁੱਝ ਦੇਖ ਸਕਦਾ ਹੈ। ਨਾ ਤਾਂ ਧਰਤੀ ਦਾ ਆਪਣਾ ਪ੍ਰਕਾਸ਼ ਹੈ, ਨਾ ਚੰਦਰਮਾ ਦਾ ਤੇ ਨਾ ਹੀ ਜੀਵ ਦਾ। ਇਹ ਪ੍ਰਕਾਸ਼ ਮੂਲ ਰੂਪ ਵਿੱਚ ਸੂਰਜ ਦਾ ਹੀ ਹੈ।

ਇਸੇਤਰ੍ਹਾਂ, ਆਤਮਾ ਇੱਕ ਸੂਰਜ ਵਾਂਗ ਹੈ, ਜਿਸ ਤੋਂ ਅਸਮਿਤਾ ਪ੍ਰਕਾਸ਼ਿਤ ਹੁੰਦੀ ਹੈ। ਅਸਮਿਤਾ ਦਾ ਪ੍ਰਕਾਸ਼ ਸਤੋਗੁਣ ਪ੍ਰਧਾਨ ਹੈ। ਇਹ ਸਤੋਗੁਣ ਪ੍ਰਧਾਨ ਪ੍ਰਕਾਸ਼ ਤ੍ਰਿਗੁਣਾਤੀਤ ਆਤਮਾ ਜਾਂ ਪਰਮਾਤਮਾ ਤੋਂ ਪ੍ਰਕਾਸ਼ਿਤ ਹੈ। ਅਸਮਿਤਾ ਨੂੰ ਜੋ ਪ੍ਰਕਾਸ਼ ਆਤਮਾ ਦੇ ਸਭ ਤੋਂ ਨੇੜੇ ਹੋਣ ਕਾਰਣ ਪ੍ਰਾਪਤ ਹੈ, ਉਹ ਪ੍ਰਕਾਸ਼ ਹੀ ਅੱਗੇ ਘੱਟ ਹੋ ਕੇ (ਤਮੋਗੁਣ ਨਾਲ ਮਿਲਾਵਟ ਹੋਣ ਕਾਰਣ) ਅੰਤਹਕਰਣ ਦੇ ਬਾਕੀ ਹਿੱਸੇ ਤੱਕ ਪਹੁੰਚਦਾ ਹੈ। ਜਿਉਂ-ਜਿਉਂ ਇਹ ਪ੍ਰਕਾਸ਼ ਅੱਗੇ ਵੱਧਦਾ ਜਾਂਦਾ ਹੈ, ਉਸ ਵਿੱਚ ਤਮੋਗੁਣ ਦੀ ਮਾਤਰਾ ਵੱਧਦੀ ਜਾਂਦੀ ਹੈ। ਤਮੋਗੁਣ ਦੀ ਮਾਤਰਾ ਵੱਧਣ ਨਾਲ ਸਤੋਗੁਣ ਦਾ ਪ੍ਰਕਾਸ਼ ਘੱਟਦਾ ਜਾਂਦਾ ਹੈ। ਸੂਖਮ ਸਰੀਰ ਤੋਂ ਸਥੂਲ ਸਰੀਰ ਤੱਕ ਪਹੁੰਚਦਿਆਂ-ਪਹੁੰਚਦਿਆਂ ਪ੍ਰਕਾਸ਼ ਨਾ ਹੋਣ ਵਰਗਾ ਹੀ ਹੋ ਜਾਂਦਾ ਹੈ।

ਸਾਧਕ ਜਿਉਂ-ਜਿਉਂ ਸਮਾਧੀ ਦੀ ਉਚੇਰੀ ਅਵਸਥਾ ਵੱਲ ਵੱਧਦਾ ਹੈ, ਉਵੇਂ-ਉਵੇਂ ਹੀ ਉਹ ਪ੍ਰਕਾਸ਼ ਦੇ ਨੇੜੇ ਹੁੰਦਾ ਜਾਂਦਾ ਹੈ, ਜਿਸ ਕਾਰਣ ਉਸ ਨੂੰ ਪ੍ਰਕਾਸ਼ ਹੋਰ ਵਧੇਰੇ ਹੁੰਦਾ ਜਾ ਰਿਹਾ ਮਹਿਸੂਸ ਹੁੰਦਾ ਹੈ। ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਪਹੁੰਚਣ ਸਮੇਂ ਉਹ ਬਹੁਤ ਹੀ ਪ੍ਰਕਾਸ਼ ਦੀ ਅਵਸਥਾ ਵਿੱਚ ਵਿਚਰਣ ਲੱਗਦਾ ਹੈ।

ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਡੂੰਘਾ ਉਤਰਿਆ ਸਾਧਕ ਜੇ ਬਾਹਰਮੁਖ ਸਮਾਧੀ, ਵੀਚਾਰ ਆਧਾਰਿਤ ਸਮਾਧੀ ਤੇ ਅਹੰਕਾਰਭੂਮੀ ਆਧਾਰਿਤ ਸਮਾਧੀ ਦੀਆਂ ਅਵਸਥਾਵਾਂ ਨੂੰ ਦੇਖੇ, ਤਾਂ ਉਹ ਅਸਮਿਤਾ-ਭੂਮੀ ਆਧਾਰਿਤ ਸਮਾਧੀ ਨੂੰ ਹੀ ਅੰਤਿਮ ਮੰਜ਼ਿਲ ਸਮਝ ਸਕਦਾ ਹੈ। ਉਹ ਅਸਮਿਤਾ ਨੂੰ ਹੀ ਆਤਮਾ ਸਮਝ ਲੈਂਦਾ ਹੈ। ਅਸਮਿਤਾ ਨੂੰ ਵਾਰ-ਵਾਰ ਨਵੇਂ ਕਰਮਾਂ ਤੇ ਸੰਸਕਾਰਾਂ ਕਾਰਣ ਲਗਾਤਾਰ ਬਦਲਦਾ ਦੇਖ ਕੇ ਉਹ ਸਮਝਣ ਲੱਗ ਜਾਂਦਾ ਹੈ ਕਿ ਇਹ ਹੀ ਆਤਮਾ ਹੈ ਤੇ ਇਹ ਬਦਲਦੀ ਰਹਿੰਦੀ ਹੈ। ਭਾਵੇਂ ਉਹ ਮਨ ਤੇ ਅਹੰਕਾਰ ਦੀ ਸੂਖਮ ਦੁਨੀਆਂ ਤੋਂ ਉੱਪਰ ਜਾ ਚੁੱਕਾ ਹੈ, ਪਰ ਅਸਮਿਤਾ ਨੂੰ ਹੀ ਅੰਤਿਮ ਸੱਚ ਸਮਝਣ ਕਾਰਣ ਉਹ ਤੱਤਵ-ਗਿਆਨ ਤੋਂ ਅਧੂਰਾ ਹੀ ਰਹਿ ਜਾਂਦਾ ਹੈ। ਇਹ ਉਹ ਸਥਿੱਤੀ ਹੈ, ਜਿੱਥੇ ਉਹ ਤ੍ਰਿਗੁਣ ਦੀ ਸਭ ਤੋਂ ਸੂਖਮ ਅਵਸਥਾ ਦਾ ਬੋਧ ਪ੍ਰਾਪਤ ਕਰ ਲੈਂਦਾ ਹੈ। ਇਹ ਬੋਧ ਤ੍ਰਿਗੁਣ ਦੇ ਸਭ ਤੋਂ ਸੂਖਮ ਰੂਪ ਨੂੰ ਜਾਣਨ ਦਾ ਹੀ ਹੈ। ਉਸ ਨੂੰ ਇਸ ਗੱਲ ਦਾ ਬੋਧ ਹੋ ਜਾਂਦਾ ਹੈ ਕਿ ਸਾਰਾ ਤ੍ਰਿਗੁਣਾਤਮਕ ਪਸਾਰਾ ਇੱਕੋ ਮੂਲ 'ਤ੍ਰਿਗੁਣ' ਦਾ ਹੀ ਵਿਸਥਾਰ ਹੈ।

ਯੋਗਸੂਤ੍ਰ ਜਿਸ ਅਸਮਿਤਾਨੁਗਤ ਸੰਪਰਗਿਆਤ ਸਮਾਧੀ ਵੱਲ ਇਸ਼ਾਰਾ ਕਰਦਾ ਹੈ, ਉਹ ਅਵਸਥਾ ਅਸਮਿਤਾ ਦੀ ਭੂਮੀ ਉੱਤੇ ਹੀ ਵਾਪਰਦੀ ਹੈ।

ਵਿਵੇਕ ਖਿਆਤੀ

ਵਿਵੇਕ ਖਿਆਤੀ ਹੀ ਧਰਮਮੇਘ ਸਮਾਧੀ ਹੈ। ਆਮ ਤੌਰ 'ਤੇ ਵਿਵੇਕ ਖਿਆਤੀ ਨੂੰ ਬਾਕੀ ਸੰਪਰਗਿਆਤ ਸਮਾਧੀਆਂ ਤੋਂ ਵੱਖਰਾ ਵਰਣਨ ਕੀਤਾ ਜਾਂਦਾ ਹੈ, ਪਰ ਅੰਤਹਕਰਣ ਦੀ ਜਿਸ ਭੂਮੀ ਵਿੱਚ ਇਹ ਅਵਸਥਾ ਵਾਪਰਦੀ ਹੈ, ਇਹ ਉਹ ਹੀ ਹੈ, ਜਿੱਥੇ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਹੁੰਦੀ ਹੈ।

ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਚਾਹੇ ਸੰਪਰਗਿਆਤ ਸਮਾਧੀ ਦੀ ਸਰਵੋੱਚ ਅਵਸਥਾ ਹੈ, ਪਰ ਇਹ ਅਸੰਪਰਗਿਆਤ ਸਮਾਧੀ ਨਾਲੋਂ ਇਧਰ ਦੀ ਹੀ ਅਵਸਥਾ ਹੈ। ਨੇਤਿ ਨੇਤਿ ਆਖਦਾ ਹੋਇਆ ਸਾਧਕ ਜਦੋਂ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਤੋਂ ਵੀ ਅੱਗੇ ਅਸੰਪਰਗਿਆਤ ਸਮਾਧੀ ਵੱਲ ਨੂੰ ਤੁਰਦਾ ਹੈ, ਤਾਂ ਅਸੰਪਰਗਿਆਤ ਸਮਾਧੀ ਲਾਭ ਪ੍ਰਾਪਤ ਕਰਨ ਤੋਂ ਪਹਿਲਾਂ ਉਹ ਇੱਕ ਹੋਰ ਅਵਸਥਾ ਦਾ ਵੀ ਅਨੁਭਵ ਕਰ ਸਕਦਾ ਹੈ। ਇਹ ਉਹ ਅਵਸਥਾ ਹੈ, ਜਦੋਂ ਉਹ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਤੋਂ ਉੱਪਰ ਜਾ ਚੁੱਕਾ ਹੁੰਦਾ ਹੈ, ਪਰ ਅਜੇ ਵੀ ਅਸੰਪਰਗਿਆਤ ਸਮਾਧੀ ਦੀ ਅਵਸਥਾ ਤਕ ਨਹੀਂ ਪੁੱਜਦਾ। ਮਨ, ਬੁੱਧੀ, ਤੇ ਅਹੰਕਾਰ ਤੋਂ ਵੀ ਅੱਗੇ ਦੀ ਭੂਮੀ ਵਾਲੀ ਇਸ ਅਵਸਥਾ ਨੂੰ ਹੀ ਕਈ ਵਿਦਵਾਨਾਂ ਨੇ ਪੁਰਸ਼-ਖਿਆਤੀ ਵੀ ਆਖਿਆ ਹੈ। ਇਸ ਅਵਸਥਾ 'ਤੇ ਪਹੁੰਚਣ ਵਾਲਾ ਵੱਡੇ ਭਾਗਾਂ ਵਾਲਾ ਸਾਧਕ, ਮਨੁੱਖ ਹੋਣ ਦੀ ਅਵਸਥਾ ਤੋਂ ਬਹੁਤ ਉੱਪਰ ਉੱਠ ਜਾਂਦਾ ਹੈ, ਹਾਲਾਂਕਿ ਸੰਸਾਰੀ ਜੀਵਾਂ ਨੂੰ ਉਹ ਅਜੇ ਵੀ ਮਨੁੱਖ ਰੂਪ ਹੀ ਦਿੱਖਦਾ ਹੈ।

ਵਿਵੇਕ-ਖਿਆਤੀ ਮੂਲ-ਰੂਪ ਵਿੱਚ ਸਤੋਗੁਣ ਪ੍ਰਧਾਨ ਅਵਸਥਾ ਹੈ, ਜਿੱਥੇ ਤਮੋਗੁਣ ਦਾ ਲੇਸ਼ ਮਾਤਰ ਸਾਧਕ ਨੂੰ ਉਸ ਮਹਾਂਗਿਆਨ ਦੀ ਅਵਸਥਾ ਵਿੱਚ ਟਿਕੇ ਰਹਿਣ ਵਿੱਚ ਸਹਾਈ ਬਣ ਜਾਂਦਾ ਹੈ। ਉਹ ਤਮੋਗੁਣ, ਜੋ ਸੰਸਾਰੀ ਜੀਵਾਂ ਨੂੰ ਗਿਰਾਵਟ ਵੱਲ ਹੀ ਲਿਜਾਂਉਦਾ ਦਿੱਖਦਾ ਹੈ, ਉਹ ਹੀ ਹੁਣ ਵਿਵੇਕ-ਖਿਆਤੀ ਵਾਲੇ ਮਹਾਂਗਿਆਨੀ ਦੀ ਸੇਵਾ ਵਿੱਚ ਉਪਸਥਿੱਤ ਹੋ ਕੇ ਉਸ ਨੂੰ ਗਿਰਾਵਟ ਤੋਂ ਰੋਕਣ ਵਿੱਚ ਸਹਾਈ ਹੋ ਰਿਹਾ ਹੁੰਦਾ ਹੈ। ਤ੍ਰਿਗੁਣਾਤਮਿਕਾ ਮਾਇਆ ਹੁਣ ਮਹਾਂਗਿਆਨੀ ਦੀ ਸੇਵਿਕਾ (ਦਾਸੀ) ਬਣ ਕੇ ਵਿਚਰ ਰਹੀ ਹੁੰਦੀ ਹੈ।

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ (੨੩੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਹੁਤ ਵੀਚਾਰਵਾਨਾਂ ਨੇ ਆਤਮਾ ਦੀ ਹੋਂਦ ਅਨੁਮਾਨ ਪ੍ਰਮਾਣ ਨਾਲ ਸਿੱਧ ਹੁੰਦੀ ਮੰਨੀ ਹੈ। ਅਨੁਮਾਨ ਪ੍ਰਮਾਣ ਦੀ ਆਪਣੀ ਸਾਰਥਕਤਾ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ, ਵਿਵੇਕ-ਖਿਆਤੀ ਇੱਕ ਅਜਿਹੀ ਤ੍ਰਿਗੁਣਾਤਮਕ ਅਵਸਥਾ ਹੈ, ਜਿੱਥੇ ਤ੍ਰਿਗੁਣਾਤੀਤ ਆਤਮਾ ਦਾ ਅਨੁਭਵ ਇਸ ਪ੍ਰਕਾਰ ਹੋ ਜਾਂਦਾ ਹੈ ਕਿ ਉਹ ਪ੍ਰਤੱਖ ਕੀਤੀ ਵਸਤੂ ਵਾਂਗ ਹੀ ਸਾਹਮਣੇ ਮੌਜੂਦ ਦਿੱਸਦਾ ਹੈ। ਵਿਵੇਕ-ਖਿਆਤੀ ਵਿੱਚ ਪਹੁੰਚਣ ਵਾਲਾ ਮਹਾਂਗਿਆਨੀ ਮਨ, ਬੁੱਧੀ ਤੇ ਅਹੰਕਾਰ ਦੀ ਤ੍ਰਿਗੁਣਾਤਮਿਕਾ ਰਚਨਾ ਦੀ ਅਸਲੀਅਤ ਨੂੰ ਜਾਣ ਚੁੱਕਾ ਹੁੰਦਾ ਹੈ। ਉਹ ਨਿਰੇ ਸਤੋਗੁਣ ਦੀ ਸ਼ਾਂਤ ਰੌਸ਼ਨੀ ਵਿੱਚ ਨੂਰੋ-ਨੂਰ ਹੋਇਆ ਹੁੰਦਾ ਹੈ। ਵਿਵੇਕ ਖਿਆਤੀ ਦੀ ਅਵਸਥਾ ਵਿੱਚ ਕਿਸੇ ਆਕਾਰ, ਲਫ਼ਜ਼ (ਵਰਣ), ਆਹਤ ਨਾਦ ਆਦਿ ਦੀ ਪਹੁੰਚ ਨਹੀਂ ਹੋ ਸਕਦੀ। ਜੇ ਕਿਸੇ ਸਾਧਕ ਨੂੰ ਕੋਈ ਤ੍ਰਿਗੁਣਾਤਮਕ ਆਕਾਰ/ਰੂਪ ਦਿੱਖ ਰਿਹਾ ਹੈ, ਤਾਂ ਉਹ ਵਿਵੇਕ ਖਿਆਤੀ ਦੀ ਅਵਸਥਾ ਵਿੱਚ ਨਹੀਂ ਹੋ ਸਕਦਾ। ਇਸ ਅਵਸਥਾ ਵਿੱਚ ਕੋਈ ਵੀਚਾਰ ਵੀ ਚਿੱਤ ਵਿੱਚ ਨਹੀਂ ਹੁੰਦਾ। ਉਹ ਸਿਰਫ਼ ਆਤਮਾ ਦਾ ਦਰਸ਼ਨ ਕਰ ਰਿਹਾ ਹੁੰਦਾ ਹੈ। ਇਸ ਅਵਸਥਾ ਵਿੱਚ ਸਾਧਕ ਆਤਮਾ ਨੂੰ ਉਸੇ ਤਰ੍ਹਾਂ ਹੀ ਪ੍ਰਤੱਖ ਕਰ ਰਿਹਾ ਹੁੰਦਾ ਹੈ, ਜਿਵੇਂ ਕੋਈ ਸੰਸਾਰੀ ਜੀਵ ਆਪਣੀ ਅੱਖ ਨਾਲ ਕਿਸੇ ਸੰਸਾਰੀ ਵਿਸ਼ੇ ਨੂੰ ਪ੍ਰਤੱਖ ਕਰਦਾ ਹੈ।

ਵਿਵੇਕ ਖਿਆਤੀ ਤੋਂ ਪਹਿਲਾਂ ਤਕ ਅੰਤਹਕਰਣ ਨੂੰ ਆਪਣੇ ਖ਼ਤਮ ਹੋ ਜਾਣ ਦਾ ਡਰ ਨਹੀਂ ਹੁੰਦਾ। ਵੀਚਾਰ ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਦੌਰਾਨ ਸਾਧਕ ਇਹ ਜਾਣ ਲੈਂਦਾ ਹੈ ਕਿ ਮਨ ਉਸ ਦਾ ਇੱਕ ਔਜਾਰ ਹੀ ਹੈ। ਉਹ ਮਨ ਤੋਂ ਰਹਿਤ ਆਪਣੇ ਅੰਤਹਕਰਣ (ਬੁੱਧੀ, ਅਹੰਕਾਰ ਤੇ ਅਸਮਿਤਾ) ਨੂੰ ਹੀ ਆਪਣਾ ਆਪਾ (ਆਪਣਾ ਅਸਲ ਰੂਪ) ਪਹਿਚਾਣਨ ਲੱਗਦਾ ਹੈ। ਅਹੰਕਾਰ ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਦੌਰਾਨ ਉਹ ਇਹ ਜਾਣ ਲੈਂਦਾ ਹੈ ਕਿ ਭਾਂਤ-ਭਾਤ ਦੀ ਜਾਣਕਾਰੀ ਉਸ ਦੇ ਅੰਤਹਕਰਣ ਨਾਲੋਂ ਵੱਖਰੀ ਹੈ ਤੇ ਇਹ ਜਾਣਕਾਰੀ ਸਥੂਲ ਬੁੱਧੀ (ਦਿਮਾਗ਼) ਵਿੱਚ ਬਾਅਦ ਵਿੱਚੋਂ ਭਰੀ ਗਈ ਹੈ। ਹੁਣ ਉਹ ਦਿਮਾਗ਼ ਨੂੰ ਵੀ ਆਪਣੇ ਇੱਕ ਔਜਾਰ ਵਜੋਂ ਜਾਣਨ ਲੱਗ ਪੈਂਦਾ ਹੈ। ਹੁਣ ਉਹ ਅਹੰਕਾਰ ਤੇ ਅਸਮਿਤਾ ਨੂੰ ਹੀ ਆਪਣਾ ਆਪਾ (ਆਪਣਾ ਅਸਲ ਰੂਪ) ਪਹਿਚਾਣਨ ਲੱਗਦਾ ਹੈ। ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਉਹ ਇਹ ਜਾਣ ਲੈਂਦਾ ਹੈ ਕਿ ਅਹੰਕਾਰ ਉਸ ਦਾ ਆਪਣਾ ਅਸਲ ਰੂਪ ਨਹੀਂ ਹੈ। ਹੁਣ ਉਹ ਸਿਰਫ਼ ਅਸਮਿਤਾ ਨੂੰ ਹੀ ਆਪਣਾ ਅਸਲ ਰੂਪ ਜਾਣਨ ਲੱਗ ਪੈਂਦਾ ਹੈ।

ਵਿਵੇਕ ਖਿਆਤੀ ਦੀ ਡੂੰਘੀ ਅਵਸਥਾ ਐਸੀ ਹੈ, ਜੋ ਉਸ ਦੀ ਉਹ ਪਹਿਚਾਣ ਜੋ ਉਸ ਨੇ ਕਈ ਸਾਲਾਂ ਤੋਂ ਬਣਾਈ ਹੋਈ ਸੀ, ਨੂੰ ਬਿਲਕੁਲ ਤਾਰ-ਤਾਰ ਕਰ ਦਿੰਦੀ ਹੈ। ਉਸ ਨੂੰ ਪਹਿਲੀ ਵਾਰ ਇਹ ਪਤਾ ਲੱਗਦਾ ਹੈ ਕਿ ਇੰਨੇ ਸਾਲਾਂ ਤੋਂ ਜਿਸ ਨੂੰ 'ਮੈਂ' ਸਮਝ ਰਿਹਾ ਸੀ, ਉਹ ਤਾਂ ਸਭ ਨਕਲੀ, ਮੁੜ-ਮੁੜ ਬਦਲਦੀ ਰਹਿਣ ਵਾਲੀ ਤੇ ਨਸ਼ਟ ਹੋ ਜਾਣ ਵਾਲੀ ਵਸਤੂ ਹੈ।

ਅਜਿਹਾ ਗਿਆਨ ਉਸ ਦੀ ਅਜਿਹੀ ਹਾਲਤ ਕਰ ਦਿੰਦਾ ਹੈ, ਜਿਸ ਨੂੰ ਆਮ ਲੋਕ ਮਨ ਉਚਾਟ ਹੋ ਜਾਣਾ ਕਹਿੰਦੇ ਹਨ। ਵਿਵੇਕ ਖਿਆਤੀ ਮਨ ਨੂੰ ਸਭ ਤੋਂ ਵੱਡਾ ਝੱਟਕਾ ਹੈ। ਹੁਣ ਉਹ ਕਿਸੇ ਵਸਤੂ ਜਾਂ ਵਿਅਕਤੀ ਪ੍ਰਤੀ ਮੋਹ ਨਹੀਂ ਰੱਖਦਾ। ਉਸ ਲਈ ਸਭ ਕੁੱਝ ਹੀ ਬਦਲ ਜਾਂਦਾ ਹੈ। ਬੇਚੈਨੀ, ਘਬਰਾਹਟ, ਜਾਂ ਉਤਸੁਕਤਾ ਨਾਲ ਸਾਧਕ ਦੀ ਐਸੀ ਹਾਲਤ ਹੋ ਜਾਂਦੀ ਹੈ ਕਿ ਸਾਧਾਰਣ ਲੋਕਾਂ ਨੂੰ ਉਹ ਕਿਸੇ ਪਾਗਲ ਵਰਗਾ ਹੀ ਪ੍ਰਤੀਤ ਹੁੰਦਾ ਹੈ।

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥
(੯੯੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥
(੭੫੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਲੋਗੁ ਕਹੈ ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥
(੧੧੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਹਿ ਕਬੀਰ ਹਉ ਭਇਆ ਦਿਵਾਨਾ ॥ ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥
(੧੧੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਉਸ ਵਿੱਚ ਅਜਿਹਾ ਬਦਲਾਉ ਆਉਂਦਾ ਹੈ ਕਿ ਉਹ ਇੱਕ 'ਬਦਲੇ ਹੋਏ ਇਨਸਾਨ' ਵਾਂਗ ਨਹੀਂ, ਬਲਕਿ 'ਇੱਕ ਨਵੇਂ ਇਨਸਾਨ' ਵਾਂਗ ਵਿਵਹਾਰ ਕਰਨ ਲੱਗਦਾ ਹੈ।

ਕਿਸੇ ਅਜਿਹੇ ਵਿਅਕਤੀ ਬਾਰੇ ਕਲਪਨਾ ਕਰੋ, ਜਿਸ ਨੂੰ ੫੦ ਸਾਲ ਦੀ ਉਮਰ ਵਿੱਚ ਜਾ ਕੇ ਇਹ ਪਤਾ ਲੱਗੇ ਕਿ ਉਹ ਹੁਣ ਤੱਕ ਜਿਨ੍ਹਾਂ ਨੂੰ ਆਪਣੇ ਮਾਂ-ਬਾਪ ਤੇ ਭੈਣ-ਭਰਾ ਸਮਝਦਾ ਰਿਹਾ, ਉਹ ਉਸ ਦੇ ਆਪਣੇ ਸੱਕੇ ਮਾਂ-ਬਾਪ ਤੇ ਭੈਣ-ਭਰਾ ਨਹੀਂ ਹਨ, ਬਲਕਿ ਉਸ ਦੇ ਆਪਣੇ ਸੱਕੇ ਮਾਂ-ਬਾਪ ਤੇ ਭੈਣ-ਭਰਾ ਤਾਂ ਕੋਈ ਹੋਰ ਹਨ। ਉਸ ਦੇ ਦਿਲ ਤੇ ਦਿਮਾਗ਼ ਉੱਤੇ ਕੀ ਬੀਤੇਗੀ? ਕੁੱਝ ਅਜਿਹਾ ਹੀ ਉਸ ਸਾਧਕ ਨਾਲ ਹੁੰਦਾ ਹੈ, ਜਿਸ ਨੂੰ ਵਿਵੇਕ ਖ਼ਿਆਤੀ ਦੀ ਅਵਸਥਾ ਵਿੱਚ ਪਹੁੰਚ ਕੇ ਇਹ ਗਿਆਨ ਹੁੰਦਾ ਹੈ ਕਿ ਜਿਸ ਨੂੰ ਉਹ ਹੁਣ ਤੱਕ 'ਮੈਂ' ਸਮਝਦਾ ਰਿਹਾ, ਉਹ ਤਾਂ ਪੱਥਰ ਵਾਂਗ ਜੜ੍ਹ ਵਸਤੂ ਹੀ ਹੈ। ਅਸਲ ਵਿੱਚ 'ਮੈਂ' ਤਾਂ ਕੋਈ ਹੋਰ ਹੀ ਹਾਂ।

ਆਸਾ ਮਹਲਾ ੫ ॥
ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ ਨਾ ਹਮ ਕੜਿਆ ॥
ਨਾ ਓਹੁ ਨਿਰਧਨੁ ਨਾ ਹਮ ਭੂਖੇ ॥ ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥
ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥੧॥ ਰਹਾਉ ॥
ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ ॥
ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ ਤ ਹਮ ਸਦ ਕੇਲਾ ॥੨॥
ਨਾ ਉਸੁ ਸੋਚੁ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨ ਹਮ ਕਉ ਪੋਚਾ ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥
ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥
ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥
(੩੯੦-੩੯੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤ੍ਰਿਗੁਣ ਦੀ ਇਹ ਸਭ ਤੋਂ ਸੂਖਮ ਤੇ ਅੰਤਿਮ ਅਵਸਥਾ ਹੈ। ਇਸ ਤੋਂ ਅੱਗੇ ਤ੍ਰਿਗੁਣਾਤੀਤ ਬ੍ਰਹਮ ਹੈ । ਇਸ ਤੋਂ ਅੱਗੇ ਜੋ ਵੀ ਹੈ, ਉਸ ਦਾ ਬਿਆਨ ਤ੍ਰਿਗੁਣਾਤਮਕ ਭਾਸ਼ਾ ਨਹੀਂ ਕਰ ਸਕਦੀ ਹੈ। ਜੇ ਉਹ 'ਨੇਤਿ' 'ਨੇਤਿ' (ਅਰਥਾਤ 'ਇਹ ਨਹੀਂ ਹੈ', 'ਇਹ ਨਹੀਂ ਹੈ') ਦੀ ਰੱਟ ਲਾਈ ਰੱਖੇ, ਤਾਂ ਉਹ ਹੋਰ ਉੱਚੇਰੀ ਅਵਸਥਾ ਬਾਰੇ ਸੋਚਦਾ ਹੈ।

ਅਸਮਿਤਾ-ਭੂਮੀ ਆਧਾਰਿਤ ਸਮਾਧੀ ਤੇ ਵਿਵੇਕ ਖ਼ਿਆਤੀ ਵਿੱਚ ਫ਼ਰਕ

ਮੰਨ ਲਉ ਕਿ ਇੱਕ ਮੁਹੱਲੇ ਵਿੱਚ ਲਗਾਤਾਰ ਚਾਰ ਘਰ ਬਣੇ ਹੋਏ ਹੋਏ ਹਨ। ਇਨ੍ਹਾਂ ਘਰਾਂ ਦੇ ਨਾਮ ਮਨ, ਬੁੱਧੀ, ਅਹੰਕਾਰ ਤੇ ਅਸਮਿਤਾ ਹਨ । ਕੋਈ ਮੁਸਾਫ਼ਿਰ ਦਸਮ-ਦੁਆਰ ਰੂਪੀ ਇਸ ਮੁਹੱਲੇ ਵਿੱਚ ਪ੍ਰਵੇਸ਼ ਕਰ ਕੇ ਮਨ, ਬੁੱਧੀ ਤੇ ਅਹੰਕਾਰ ਨਾਮ ਵਾਲੇ ਤਿੰਨ ਘਰਾਂ ਨੂੰ ਪਾਰ ਕਰਕੇ ਅਸਮਿਤਾ ਨਾਮ ਵਾਲੇ ਘਰ ਵਿੱਚ ਪਹੁੰਚਦਾ ਹੈ। ਜੇ ਉਹ ਅਸਮਿਤਾ ਨਾਮ ਵਾਲੇ ਘਰ ਵਿੱਚ ਪਹੁੰਚ ਕੇ ਪਿੱਛੇ ਵੇਖੇ ਗਏ ਤਿੰਨ ਘਰਾਂ ਮਨ, ਬੁੱਧੀ ਤੇ ਅਹੰਕਾਰ ਵੱਲ ਮੂੰਹ ਕਰ ਕੇ ਖੜਾ ਹੋ ਜਾਏ, ਤਾਂ ਉਸ ਨੂੰ ਦਸਮ-ਦੁਆਰ ਰੂਪੀ ਉਸ ਮੁਹੱਲੇ ਦੇ ਬਾਹਰੀ ਦੁਆਰ ਉੱਤੇ ਸਥਿੱਤ ਆਤਮਾ ਨਾਮ ਵਾਲਾ ਸੁੰਦਰ ਮਹਿਲ ਨਹੀਂ ਵਿਖਾਈ ਦੇਵੇਗਾ। ਇਹ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਹੈ। ਜੇ ਉਹ ਪਹਿਲੇ ਤਿੰਨ ਘਰਾਂ ਵੱਲ ਨਾ ਵੇਖ ਕੇ ਦਸਮ-ਦੁਆਰ ਰੂਪੀ ਉਸ ਮੁਹੱਲੇ ਦੇ ਬਾਹਰੀ ਦੁਆਰ ਉੱਤੇ ਸਥਿੱਤ ਆਤਮਾ ਨਾਮ ਵਾਲਾ ਸੁੰਦਰ ਮਹਿਲ ਦੇਖਣ ਲੱਗ ਪਏ, ਤਾਂ ਇਹ ਵਿਵੇਕ-ਖ਼ਿਆਤੀ ਹੈ।

ਅਦਵੈਤਵਾਦ

ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਤੋਂ ਅਗਲਾ ਪੜਾਅ ਵਿਵੇਕ ਖ਼ਿਆਤੀ ਦੀ ਅਵਸਥਾ ਹੈ। ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਤੇ ਵਿਵੇਕ ਖ਼ਿਆਤੀ, ਜਾਂ ਫਿਰ ਵਿਵੇਕ ਖ਼ਿਆਤੀ ਤੋਂ ਵੀ ਬਾਅਦ ਕੋਈ ਐਸੀ ਅਵਸਥਾ ਨਹੀਂ ਆਉਂਦੀ, ਜਿੱਥੇ ਸਾਧਕ ਪ੍ਰਕ੍ਰਿਤੀ ਦੀ ਸਾਮਯ-ਅਵਸਥਾ ਦਾ ਪ੍ਰਤੱਖ ਕਰ ਸਕੇ। ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਸਥੂਲ ਭੂਤਾਂ ਦਾ, ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਸੂਖਮ ਭੂਤਾਂ ਦਾ, ਅਹੰਕਾਰ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਅਹੰਕਾਰ ਦਾ, ਤੇ ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਵਿੱਚ ਅਸਮਿਤਾ ਦਾ ਪ੍ਰੱਤਖ ਹੁੰਦਾ ਹੈ। ਕੋਈ ਅਵਸਥਾ ਐਸੀ ਨਹੀਂ, ਜਿੱਥੇ ਮੂਲ-ਪ੍ਰਕ੍ਰਿਤੀ ਦਾ ਪ੍ਰਤੱਖ ਹੁੰਦਾ ਹੋਏ। ਵੱਧ ਤੋਂ ਵੱਧ, ਜਿਸ ਸਥਿੱਤੀ ਨੂੰ ਪ੍ਰਤੱਖ ਕੀਤਾ ਜਾਂਦਾ ਹੈ, ਉਹ ਹੈ ਅਸਮਿਤਾ ਤੇ ਆਤਮਾ ਦਾ ਵੱਖੋ-ਵੱਖ ਹੋਣਾ।

ਕਿਸੇ 'ਮੂਲ-ਪ੍ਰਕ੍ਰਿਤੀ' ਦਾ ਕੋਈ ਪ੍ਰਤੱਖ ਨਾ ਹੋਣਾ, ਪਰ ਤ੍ਰਿਗੁਣ ਤੋਂ ਸੂਖਮ ਆਤਮਾ ਦਾ ਪ੍ਰਤੱਖ ਹੋ ਜਾਣਾ ਕਿਸੇ ਅਦਵੈਤਵਾਦੀ ਲਈ ਇਹ ਵਿਸ਼ਵਾਸ਼ ਕਰਨ ਲਈ ਬਹੁਤ ਹੈ ਕਿ ਤ੍ਰਿਗੁਣ ਦੀ ਉੱਤਪਤੀ ਚੇਤਨ ਪੁਰਸ਼ ਤੋਂ ਹੀ ਹੁੰਦੀ ਹੈ। ਪਰਮ-ਆਤਮਾ ਜਿਸ ਸ਼ਕਤੀ ਨਾਲ ਸ੍ਰਿਸਟੀ ਰਚਨਾ ਕਰਦੀ ਹੈ, ਉਹ ਇਹ ਤ੍ਰਿਗੁਣ ਹੀ ਹੈ। ਇਹ ਤ੍ਰਿਗੁਣ ਇੱਕ ਮਾਇਆ ਦੀਆਂ ਹੀ ਤਿੰਨ ਸ਼ਕਤੀਆਂ ਹਨ, ਜਾਂ ਇੰਝ ਕਹਿ ਲਉ ਕਿ ਇੱਕ ਮਾਇਆ ਦੇ ਹੀ ਤਿੰਨ ਗੁਣ ਹਨ। ਤ੍ਰਿਗੁਣ ਮਾਇਆ ਦੇ ਗੁਣ ਹਨ ਤੇ ਮਾਇਆ ਪਰਮਾਤਮਾ ਦੀ ਹੀ ਇੱਕ ਸ਼ਕਤੀ ਹੈ। ਸ੍ਰਿਸਟੀ ਦੀ ਰਚਨਾ ਤ੍ਰਿਗੁਣ ਤੋਂ ਹੀ ਹੁੰਦੀ ਹੈ, ਪਰਮਾਤਮਾ ਤੋਂ ਹੀ ਹੁੰਦੀ ਹੈ। ਇਹ ਅਦਵੈਤਵਾਦ ਹੈ।

ਆਤਮਾ ਜਦੋਂ ਕਿਸੇ ਚਿੱਤ ਨਾਲ ਸੰਬੰਧਿਤ ਹੁੰਦੀ ਹੈ, ਤਾਂ ਉਸ ਨੂੰ ਜੀਵ-ਆਤਮਾ ਜਾਂ ਸਿਰਫ਼ ਆਤਮਾ ਹੀ ਕਹਿ ਲਿਆ ਜਾਂਦਾ ਹੈ । ਆਤਮਾ ਪੈਦਾ ਨਹੀਂ ਹੁੰਦੀ, ਪਰ ਜਦੋਂ ਇਸ ਦਾ ਸੰਯੋਗ ਕਿਸੇ ਚਿੱਤ ਨਾਲ ਹੁੰਦਾ ਹੈ, ਤਾਂ ਆਮ ਬੋਲਚਾਲ ਵਿੱਚ ਇਸ ਨੂੰ ਪੈਦਾ ਹੋਣਾ ਕਹਿ ਲਿਆ ਜਾਂਦਾ ਹੈ । ਸਿੱਧਾਂਤਕ ਰੂਪ ਵਿੱਚ ਇਹ ਜੀਵ ਦੇ ਚਿੱਤ ਦਾ ਪੈਦਾ ਹੋਣਾ ਹੈ, ਆਤਮਾ ਦਾ ਪੈਦਾ ਹੋਣਾ ਨਹੀਂ । ਇਸ ਜੀਵ-ਆਤਮਾ ਨੂੰ 'ਸ਼ਿਵ' ਵੀ ਕਹਿ ਲਿਆ ਜਾਂਦਾ ਹੈ, ਕਿਉਂਕਿ ਮੂਲ ਰੂਪ ਵਿੱਚ ਇਹ ਪਰਮ ਆਤਮਾ ਦਾ ਹੀ ਹਿੱਸਾ ਹੈ । ਮਾਇਆ ਨੂੰ ਪਰਮ ਆਤਮਾ ਦੀ ਹੀ ਸ਼ਕਤੀ ਹੋਣ ਕਾਰਣ ਸਿਰਫ਼ 'ਸ਼ਕਤੀ' ਵੀ ਆਖ ਲਿਆ ਜਾਂਦਾ ਹੈ । ਪਰਮ ਆਤਮਾ, ਜਿਸ ਨੂੰ ਕਰਤਾ ਪੁਰਖ ਆਖਿਆ ਜਾਂਦਾ ਹੈ, ਹੀ ਇਸ 'ਸ਼ਿਵ' ਤੇ 'ਸ਼ਕਤੀ' ਦੀ ਸਿਰਜਣਾ ਕਰਦਾ ਹੈ ।

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ (੯੨੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮੂਲ-ਪ੍ਰਕ੍ਰਿਤੀ ਦੀ ਜਿਸ ਸਾਮਯ-ਅਵਸਥਾ ਦਾ ਜ਼ਿਕਰ ਦਵੈਤਵਾਦੀ ਵਿਦਵਾਨਾਂ ਵੱਲੋਂ ਕੀਤਾ ਜਾਂਦਾ ਹੈ, ਉਸ ਦਾ ਪ੍ਰਤੱਖ ਨਹੀਂ ਕੀਤਾ ਜਾ ਸਕਦਾ । ਜਿਸ ਦਾ ਪ੍ਰਤੱਖ ਨਹੀਂ ਕੀਤਾ ਜਾ ਸਕਦਾ, ਉਸ ਬਾਰੇ ਕੋਈ ਨਿਸ਼ਚਿਤ ਵੀਚਾਰ ਦੇਣਾ ਉਚਿਤ ਨਹੀਂ ਜਾਪਦਾ ।

ਸਵਾਮੀ ਓਮਾਨੰਦ ਤੀਰਥ ਜੀ, ਜੋ ਕਿ ਮੂਲ-ਪ੍ਰਕ੍ਰਿਤੀ ਨੂੰ ਅਨਾਦਿ ਮੰਨਦੇ ਹਨ, ਇਹ ਵੀ ਮੰਨਦੇ ਹਨ ਕਿ ਮੂਲ-ਪ੍ਰਕ੍ਰਿਤੀ ਨੂੰ ਪ੍ਰਤੱਖ ਨਹੀਂ ਕੀਤਾ ਜਾ ਸਕਦਾ । ਉਹ ਲਿੱਖਦੇ ਹਨ, (ਹਿੰਦੀ ਤੋਂ ਪੰਜਾਬੀ ਅਨੁਵਾਦ): -

"ਕਈ ਅਭਿਆਸੀਆਂ ਦੇ ਸੰਬੰਧ ਵਿੱਚ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਮੂਲ-ਪ੍ਰਕ੍ਰਿਤੀ ਦਾ ਵੀ ਸਾਖਿਆਤਕਾਰ ਕੀਤਾ ਹੈ । ਇਸ ਸੰਬੰਧ ਵਿੱਚ ਅਸੀਂ ਕੇਵਲ ਇਨ੍ਹਾਂ ਦੱਸ ਦੇਣਾ ਉਚਿੱਤ ਸਮਝਦੇ ਹਾਂ ਕਿ ਇਹ ਧੋਖਾ ਵਿਚਾਰਾਨੁਗਤ ਸੰਪਰਗਿਆਤ-ਸਮਾਧੀ ਦੀ ਹੀ ਪ੍ਰਕਾਸ਼ਮਈ ਅਵਸਥਾ ਵਿੱਚ ਹੋਣ ਲੱਗਦਾ ਹੈ । ਇਸ ਤੋਂ ਉੱਪਰ ਦੀਆਂ ਭੂਮੀਆਂ ਆਨੰਦਾਨੁਗਤ ਵਿੱਚ ਸਿਰਫ਼ ਅਹੰਕਾਰ ਦਾ ਤੇ ਅਸਮਿਤਾਨੁਗਤ ਵਿੱਚ ਅਸਮਿਤਾ ਦਾ ਹੀ ਭਾਨ ਹੁੰਦਾ ਹੈ । ਹੋਰ ਸਭ ਵਿਸ਼ੇ ਥੱਲੇ ਹੀ ਰਹਿ ਜਾਂਦੇ ਹਨ । ਮੂਲ-ਪ੍ਰਕ੍ਰਿਤੀ ਦਾ ਜੇ ਕਿਸੀ ਵਿਸ਼ੇ ਦੇ ਰੂਪ ਵਿੱਚ ਸਾਖਿਆਤਕਾਰ ਹੋਵੇ, ਤਾਂ ਉਹ ਅਸਮਿਤਾ ਤੇ ਅਹੰਕਾਰ ਤੋਂ ਥੱਲੇ ਸਿਰਫ਼ ਤਨਮਾਤ੍ਰਾ ਜਾਂ ਕੋਈ ਸੂਖਮ ਵਿਸ਼ਾ ਹੀ ਸਿੱਧ ਹੋਣਗੀਆਂ । ਜਾਂ, ਜਿਸ ਪ੍ਰਕਾਰ ਵਿਵੇਕ-ਖਿਆਤੀ ਵਿੱਚ ਪੁਰਸ਼ (ਆਤਮਾ) ਦਾ ਸਾਖਿਆਤਕਾਰ ਚਿੱਤ ਰਾਹੀਂ ਆਖਿਆ ਜਾਂਦਾ ਹੈ, ਹਾਲਾਂਕਿ ਉਹ ਸਰੂਪਪ੍ਰਤਿਸ਼ਠਿਤ ਅਵਸਥਾ ਨਹੀਂ ਹੈ । ਇਸੀ ਤਰ੍ਹਾਂ ਵਿਵੇਕਖਿਆਤੀ ਵਿੱਚ ਚਿੱਤ ਦੇ ਸਾਖਿਆਤਕਾਰ ਦੇ ਨਾਲ ਹੀ ਨਾਲ ਗੁਣਾਂ ਦੀ ਸਾਮਯ-ਅਵਸਥਾ ਦਾ ਵੀ ਸਾਖਿਆਤਕਾਰ ਆਖਿਆ ਜਾ ਸਕਦਾ ਹੈ । ਹਾਲਾਂਕਿ ਚਿੱਤ ਦੇ ਬਨਾਉਣ ਵਾਲੇ ਗੁਣਾਂ ਦਾ ਸਾਮਯ ਪਰਿਣਾਮ ਤਾਂ ਪੁਰਸ਼ ਦਾ ਭੋਗ ਤੇ ਅਪਵਰਗ ਸੰਪਾਦਨ ਕਰਨ ਮਗਰੋਂ ਉਨ੍ਹਾਂ ਦੇ ਪ੍ਰਤਿਪ੍ਰਸਵ ਅਵਸਥਾ ਵਿੱਚ ਹੀ ਹੁੰਦਾ ਹੈ ।" - (ਪਾਤੰਜਲਯੋਗਪ੍ਰਦੀਪ, ਗੀਤਾ ਪ੍ਰੈਸ, ਗੋਰਖਪੁਰ)।

ਮੂਲ-ਪ੍ਰਕ੍ਰਿਤੀ ਨੂੰ ਅਨਾਦਿ ਮੰਨਣ ਦਾ ਵੀਚਾਰ ਮੂਲ ਰੂਪ ਵਿੱਚ ਅਨੁਮਾਨ ਆਧਾਰਿਤ ਹੈ ।

ਮਾਇਆ ਜਾਂ ਸ਼ਕਤੀ ਦੇ ਇਨ੍ਹਾਂ ਅਰਥਾਂ ਵਿੱਚ ਹੀ ਦਿੱਸਦੇ ਇਸ ਪ੍ਰਪੰਚ ਨੂੰ ਗਿਆਨੀ ਵੱਲੋਂ ਦੇਖਿਆ ਜਾਣਾ ਚਾਹੀਦਾ ਹੈ । ਸ਼ਿਵ-ਸ਼ਕਤੀ ਦੀ ਇਸ ਖੇਡ ਵਿੱਚ ਸ਼ਕਤੀ ਹੀ ਸ਼ਿਵ ਤੋਂ ਜਿੱਤਦੀ ਦਿੱਖਦੀ ਹੈ, ਪਰ ਮੁਕਤੀ ਉਦੋਂ ਹੁੰਦੀ ਹੈ, ਜਦੋਂ ਸ਼ਿਵ ਦੀ ਜਿੱਤ ਸ਼ਕਤੀ ਉੱਤੇ ਹੁੰਦੀ ਹੈ ।

ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥ (੧੦੯੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਹ ਅਵਸਥਾ ਉਸ ਵੇਲੇ ਆਉਂਦੀ ਹੈ, ਜਦੋਂ ਜੀਵ ਚੌਥੇ ਪਦ ਦੀ ਅਵਸਥਾ ਵਿੱਚ ਪੁੱਜਦਾ ਹੈ । ਇਸ ਅਵਸਥਾ 'ਤੇ ਪੁੱਜੇ ਜੀਵ ਨੂੰ ਹੀ ਜੀਵਨ-ਮੁਕਤ ਆਖਿਆ ਗਿਆ ਹੈ ।

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥
(੨੭੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

੨. ਅਸੰਪਰਗਿਆਤ ਸਮਾਧੀ (ਸੁੰਨ ਸਮਾਧੀ)

ਅਸਮਿਤਾ-ਭੂਮੀ ਆਧਾਰਿਤ ਸੰਪਰਗਿਆਤ ਸਮਾਧੀ ਦੌਰਾਨ ਚਿੱਤ ਵਿੱਚਲਾ 'ਅਹਮ-ਭਾਵ' ('ਮੈਂ ਹਾਂ', ਅਰਥਾਤ ਸਾਰੀ ਕਾਇਨਾਤ ਤੋਂ ਆਪਣੇ ਆਪ ਨੂੰ ਅਲੱਗ ਸਮਝਣ ਦਾ ਭਰਮ) ਖ਼ਤਮ ਹੋ ਜਾਂਦਾ ਹੈ। ਇਹ 'ਇੱਕ' ਜਾਂ 'ਅਦਵੈਤ' ਦੀ ਅਵਸਥਾ ਹੈ। ਸਭ ਸਥੂਲ ਤੇ ਸੂਖਮ ਸ੍ਰਿਸ਼ਟੀ ਉਸ 'ਇੱਕ' ਦਾ ਹੀ ਪਸਾਰਾ ਹੈ, ਅਜਿਹਾ ਅਨੁਭਵ ਸਾਧਕ ਨੂੰ ਹੋ ਜਾਂਦਾ ਹੈ। ਪ੍ਰੰਤੂ, ਇਹ 'ਇੱਕ' ਵੀ ਹੋਂਦ (Existence) ਦਾ ਹੀ ਐਲਾਨ ਹੈ। ਸੁੰਨ ਸਮਾਧੀ ਅਜਿਹੀ ਅਵਸਥਾ ਹੈ, ਜਿੱਥੇ ਹੁਣ 'ਇੱਕ' ਦਾ ਵੀ ਕੋਈ ਅਰਥ ਨਹੀਂ ਰਹਿੰਦਾ। ਇੱਕ ਹਮੇਸ਼ਾ ਅਨੇਕ ਦੇ ਸੰਦਰਭ ਵਿੱਚ ਹੀ ਹੁੰਦਾ ਹੈ। ਜਿੱਥੇ ਇੱਕ ਵੀ ਨਹੀਂ, ਉਹ ਸਿਫਰ (Zero) ਹੈ। ਸੰਸਕ੍ਰਿਤ ਵਿੱਚ ਇਸ ਨੂੰ ਸ਼ੂਨਯ (शून्य) ਕਹਿੰਦੇ ਹਨ। ਲਫ਼ਜ਼ ਸ਼ੂਨਯ (शून्य) ਦਾ ਪੰਜਾਬੀ ਰੂਪ 'ਸੁੰਨ' ਹੈ। ਇਹ ਹੀ ਚੌਥਾ ਪਦ ਹੈ। ਇਸ ਨੂੰ ਸੁੰਨ ਸਮਾਧੀ ਵੀ ਕਹਿੰਦੇ ਹਨ ਤੇ ਸਿਰਫ਼ ਸੁੰਨ ਵੀ।

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥
ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥
ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥
(੯੪੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸੁੰਨ ਸਮਾਧੀ ਨੂੰ ਹੀ ਯੋਗ ਸੂਤ੍ਰ ਵਿੱਚ ਨਿਰਬੀਜ ਸਮਾਧੀ ਆਖਿਆ ਗਿਆ ਹੈ।

तस्यापि निरोधे सर्व निरोधा न्निर्बीजः समाधिः॥ (५१, स्माधिपाद, योगसूत्र)।

ਚਿੱਤ ਵੱਲੋਂ ਆਪਣੀ ਹੋਂਦ ਨੂੰ ਖ਼ਤਮ ਕਰ ਦੇਣਾ ਹੀ ਸੁੰਨ ਸਮਾਧੀ ਹੈ। ਹੋਂਦ ਨੂੰ ਖ਼ਤਮ ਕਰਨ ਦਾ ਭਾਵ ਚਿੱਤ ਦੀਆਂ ਸਾਰੀਆਂ ਵ੍ਰਿਤੀਆਂ ਨੂੰ ਖ਼ਤਮ ਕਰ ਦੇਣ ਤੋਂ ਹੈ। ਸੁੰਨ ਸਮਾਧੀ ਅਜਿਹੀ ਅਵਸਥਾ ਹੈ, ਜਿਸ ਦਾ ਬਿਆਨ ਤ੍ਰਿਗੁਣਾਤਮਕ ਭਾਸ਼ਾ ਨਹੀਂ ਕਰ ਸਕਦੀ। ਸੁੰਨ ਸਮਾਧੀ ਵਿੱਚ ਪੁੱਜਾ 'ਪਰਮਾਤਮਾ ਵਰਗਾ' ਸਾਧਕ ਹੁਣ ਖ਼ੁਦ ਹੀ 'ਪਰਮਾਤਮਾ' ਹੋ ਜਾਂਦਾ ਹੈ।

ਕੋਈ ਵੀ ਜੀਵ ਆਪਣੇ ਉਸ ਹੀ ਅਨੁਭਵ ਨੂੰ ਬਿਆਨ ਕਰ ਸਕਦਾ ਹੈ, ਜੋ ਉਸ ਨੇ ਸਥੂਲ ਸਰੀਰ, ਸੂਖਮ ਸਰੀਰ, ਜਾਂ ਅੰਤਹਕਰਣ ਦੇ ਸੰਯੋਗ ਨਾਲ ਅਨੁਭਵ ਕੀਤਾ ਹੋਵੇ। ਸੰਪਰਗਿਆਤ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਵਿੱਚ ਅੰਤਹਕਰਣ ਦਾ ਕਿਸੇ ਨਾ ਕਿਸੇ ਰੂਪ ਨਾਲ ਸੰਬੰਧ ਜੁੜਿਆ ਰਹਿੰਦਾ ਹੈ। ਇਹ ਅੰਤਹਕਰਣ, ਜਿਸ ਵਿੱਚ ਮਨ ਸ਼ਾਮਿਲ ਹੈ, ਹੀ ਉਸ ਅਨੁਭਵ ਨੂੰ ਬਿਆਨ ਕਰ ਸਕਦਾ ਦੀ ਇੱਛਾ ਕਰਦਾ ਹੈ ਤੇ ਫਿਰ ਗਿਆਨ-ਇੰਦਰੀਆਂ ਦੀ ਸਹਾਇਤਾ ਨਾਲ ਉਸ ਦਾ ਵਰਣਨ ਕਰ ਦਿੰਦਾ ਹੈ।

ਜੋ ਅਨੁਭਵ ਅੰਤਹਕਰਣ ਨੇ ਖ਼ੁਦ ਹੀ ਮਹਿਸੂਸ ਨਹੀਂ ਕੀਤਾ, ਉਸ ਨੂੰ ਉਹ ਬਿਆਨ ਵੀ ਕਿਵੇਂ ਕਰ ਸਕਦਾ ਹੈ? ਸੁੰਨ ਜਾਂ ਅਸੰਪਰਗਿਆਤ ਸਮਾਧੀ ਉਹ ਅਵਸਥਾ ਹੈ, ਜਦੋਂ ਚਿੱਤ ਵਿੱਚ ਕੋਈ ਵੀ ਵ੍ਰਿਤੀ ਬਾਕੀ ਨਹੀਂ ਰਹਿੰਦੀ। ਕੋਈ ਜੀਵ ਆਪਣੇ ਜਿਸ ਅਨੁਭਵ ਦਾ ਜ਼ਿਕਰ ਕਰਦਾ ਹੈ, ਉਹ ਅਨੁਭਵ ਉਸ ਨੇ ਜਾਂ ਤਾਂ ਜਾਗਦਿਆਂ ਪ੍ਰਾਪਤ ਕੀਤਾ ਹੁੰਦਾ ਹੈ, ਜਾਂ ਸੁਪਨਾ ਦੇਖਦਿਆਂ। ਉਹ ਨੀਂਦ ਦੇ ਅਨੁਭਵ ਦਾ ਵਰਣਨ ਵੀ ਕਰ ਸਕਦਾ ਹੈ ਕਿ ਉਸ ਨੂੰ ਚੰਗੀ ਨੀਂਦ ਆਈ ਜਾਂ ਨਹੀਂ। ਜਾਗਣਾ, ਸੌਣਾ ਤੇ ਸੁਪਨਾ ਦੇਖਣਾ ਚਿੱਤ ਦੀਆਂ ਵ੍ਰਿਤੀਆਂ ਹਨ। ਪਰ

ਅਸੰਪਰਗਿਆਤ ਸਮਾਧੀ ਵਿੱਚ ਨਾ ਤਾਂ ਉਹ (ਸਥੂਲ ਸਰੀਰ ਦੇ ਪੱਖ ਤੋਂ) ਜਾਗ ਰਿਹਾ ਸੀ, ਨਾ ਸੁੱਤਾ ਹੋਇਆ ਸੀ ਤੇ ਨਾ ਹੀ ਕੋਈ ਸੁਪਨਾ ਦੇਖ ਰਿਹਾ ਸੀ। ਜਾਗਰਤ, ਨੀਂਦ ਜਾਂ ਸੁਪਨੇ ਦੀ ਅਵਸਥਾ ਤੋਂ ਪਰ੍ਹੇ ਕੋਈ ਹੋਰ ਅਵਸਥਾ ਅਜਿਹੀ ਨਹੀਂ, ਜਿਸ ਦਾ ਜੀਵ ਵਰਣਨ ਕਰ ਸਕੇ। ਸੁੰਨ ਸਮਾਧੀ ਜਾਗਰਤ, ਨੀਂਦ ਜਾਂ ਸੁਪਨੇ ਦੀ ਅਵਸਥਾ ਤੋਂ ਪਰ੍ਹੇ ਦੀ ਅਵਸਥਾ ਹੋਣ ਕਾਰਣ ਕੋਈ ਵੀ ਅਜਿਹਾ ਸਾਧਕ, ਜੋ ਭਾਂਵੇਂ ਖ਼ੁਦ ਵੀ ਅਸੰਪਰਗਿਆਤ ਸਮਾਧੀ ਵਿੱਚ ਜਾ ਚੁੱਕਾ ਹੋਵੇ, ਇਸ ਦਾ ਅਨੁਭਵ ਨਹੀਂ ਦੱਸ ਸਕਦਾ।

ਇਸੇ ਨੂੰ ਚੌਥਾ ਪਦ ਵੀ ਆਖਿਆ ਜਾਂਦਾ ਹੈ।

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ (੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਚੌਥਾ ਪਦ ਆਖਣ ਦਾ ਕਾਰਣ ਇਹ ਹੈ ਕਿ ਇਹ ਅਵਸਥਾ ਸਤੋ, ਰਜੋ ਤੇ ਤਮੋ ਰੂਪੀ ਤਿੰਨਾਂ ਗੁਣਾਂ ਤੋਂ ਵੱਖਰੀ ਚੌਥੀ ਅਵਸਥਾ ਹੈ।

ਸੁੰਨ ਸਮਾਧੀ ਦਾ ਪ੍ਰਤੱਖ ਅਨੁਭਵ ਕਰਨ ਵਾਲਾ ਸਾਧਕ ਵੀ ਆਪਣੇ ਹੀ ਇਸ ਅਨੁਭਵ ਦਾ ਬਿਆਨ ਕਰ ਸਕਣ ਤੋਂ ਅਸਮਰਥ ਹੁੰਦਾ ਹੈ। ਫਿਰ ਵੀ, ਇਸ ਅਵਸਥਾ ਦਾ ਜ਼ਿਕਰ ਕੀਤਾ ਗਿਆ ਹੈ। ਜਿਨ੍ਹਾਂ ਨੇ ਐਸਾ ਜ਼ਿਕਰ ਕੀਤਾ ਹੈ, ਉਨ੍ਹਾਂ ਨੇ ਅਜਿਹਾ 'ਅਨੁਮਾਨ ਪ੍ਰਮਾਣ' ਦੇ ਆਧਾਰ 'ਤੇ ਹੀ ਕੀਤਾ ਹੈ। ਉਨ੍ਹਾਂ ਨੇ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਤੋਂ ਪ੍ਰਾਪਤ 'ਪ੍ਰਤੱਖ' ਨੂੰ ਵਰਤ ਕੇ 'ਅਨੁਮਾਨ' ਦਾ ਆਸਰਾ ਲੈਂਦਿਆਂ ਅਜਿਹਾ ਵਰਣਨ ਕੀਤਾ ਹੈ।

ਸਮਾਧੀ ਦੀ ਮੁੱਢਲੀ ਅਵਸਥਾ ਬਾਹਰਮੁਖ ਸੰਪਰਗਿਆਤ ਸਮਾਧੀ ਵਿੱਚ ਅੰਤਹਕਰਣ ਹੀ ਪ੍ਰਮਾਤਾ ਹੈ, ਜੋ ਕੁੱਝ ਇਸ ਤਰ੍ਹਾਂ ਸਮਝਦਾ ਹੈ ਕਿ 'ਮੈਂ ਆਤਮਾ ਹਾਂ'। ਇਹ ਸਥਿੱਤੀ ਕਿਸੇ ਨਾ ਕਿਸੇ ਰੂਪ ਨਾਲ ਵਿਵੇਕ ਖਿਆਤੀ ਤੱਕ ਵੀ ਬਣੀ ਰਹਿੰਦੀ ਹੈ। ਸਾਧਕ ਦੀ ਸਾਧਨਾ ਦੌਰਾਨ ਜੋ ਇਸ ਨੂੰ 'ਨੇਤਿ ਨੇਤਿ' ਕਹਿੰਦਾ ਹੈ, ਉਹ ਆਤਮਾ ਤਾਂ ਨਹੀਂ ਹੁੰਦੀ। ਇਹ 'ਨੇਤਿ ਨੇਤਿ' ਕਹਿਣ ਵਾਲਾ ਜਦ ਤਕ ਹੈ, ਤਦ ਤਕ ਆਤਮਾ ਹੋ ਹੀ ਨਹੀਂ ਸਕਦੀ। ਜਦੋਂ ਤਕ 'ਨੇਤਿ ਨੇਤਿ' ਕਹਿਣ ਵਾਲਾ ਮੌਜੂਦ ਹੈ, ਸਮਝ ਲਉ ਕਿ ਆਤਮਾ ਤਕ ਦੀ ਯਾਤਰਾ ਅਜੇ ਪੂਰੀ ਨਹੀਂ ਹੋਈ। ਵਿਵੇਕ ਖਿਆਤੀ ਦੀ ਅਵਸਥਾ ਤੋਂ ਵੀ ਉਚੇਰੀ ਅਵਸਥਾ ਵਿੱਚ 'ਨੇਤਿ ਨੇਤਿ' ਕਹਿਣ ਵਾਲਾ ਹੀ ਨਹੀਂ ਰਹਿੰਦਾ। ਇਹ ਹੀ ਨਿਜ ਘਰ ਹੈ। ਇਹ ਹੀ ਆਤਮਾ ਹੈ।

ਅੰਤਹਕਰਣ ਵਿੱਚ ਭਰਮ ਹੈ ਕਿ 'ਮੈਂ ਆਤਮਾ ਹਾਂ'। ਜੋ ਅਸਲ ਆਤਮਾ ਹੈ, ਉਹ ਤਾਂ ਖ਼ੁਦ ਹੀ ਗਿਆਨ ਸਰੂਪ ਹੋਣ ਕਾਰਣ ਇਹ ਜਾਣਦੀ ਹੀ ਹੈ ਕਿ ਉਹ ਆਤਮਾ ਹੈ। ਅੰਤਹਕਰਣ ਗਿਆਨਹੀਣ ਸੀ, ਆਤਮਾ ਨਹੀਂ। ਅੰਤਹਕਰਣ ਦੀ ਹਰ ਵ੍ਰਿਤੀ ਦਾ ਇੱਥੇ ਪੁੱਜ ਕੇ ਤਿਆਗ ਹੋ ਜਾਂਦਾ ਹੈ। 'ਨੇਤਿ ਨੇਤਿ' ਅੰਤਹਕਰਣ ਦੀ ਹੀ ਇੱਕ ਵ੍ਰਿਤੀ ਸੀ, ਜੋ ਹੁਣ ਨਹੀਂ ਰਹੀ। ਆਤਮਾ 'ਨੇਤਿ ਨੇਤਿ' ਨਹੀਂ ਆਖੇਗੀ।

ਵਾਰ-ਵਾਰ ਅਸੰਪਰਗਿਆਤ ਸਮਾਧੀ ਦਾ ਅਨੁਭਵ ਹੋਣ ਨਾਲ ਤ੍ਰਿਗੁਣਾਤਮਕ ਚਿੱਤ ਉੱਤੇ ਅਸੰਪਰਗਿਆਤ ਸਮਾਧੀ ਦੇ ਸੰਸਕਾਰ ਪੈ ਜਾਂਦੇ ਹਨ, ਹਾਲਾਂਕਿ ਖ਼ੁਦ ਅਸੰਪਰਗਿਆਤ ਸਮਾਧੀ ਤ੍ਰਿਗੁਣਾਤੀਤ ਹੁੰਦੀ ਹੈ। ਅਜਿਹਾ ਸ਼ੁੱਧ ਚਿੱਤ ਹੀ ਅਸੰਪਰਗਿਆਤ ਸਮਾਧੀ ਤੋਂ ਪੈਦਾ ਹੋਇਆ ਚਿੱਤ ਹੈ, ਜੋ ਕਿ ਜਨਮ ਸਮੇਂ ਪ੍ਰਾਪਤ ਹੋਏ ਚਿੱਤ ਤੋਂ ਬਿਲਕੁਲ ਵੱਖਰਾ ਹੈ। ਅਸੀਂ ਪਹਿਲਾਂ ਇਹ ਕਹਿ ਚੁੱਕੇ ਹਾਂ ਕਿ ਕਿਸੇ ਵਿਅਕਤੀ ਦੀ ਸ਼ਖ਼ਸੀਅਤ (PERSONALITY) ਜਾਂ ਵੱਖਰੀ ਪਹਿਚਾਣ ਦਾ ਮੁੱਖ ਆਧਾਰ ਚਿੱਤ ਹੀ ਹੁੰਦਾ ਹੈ। ਕਿਸੇ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਬਦਲਾਉ ਦਾ ਸਿੱਧਾ ਜਿਹਾ ਮਤਲਬ ਉਸ ਦੇ ਚਿੱਤ ਵਿੱਚ ਬਦਲਾਉ ਹੈ। ਅਸੰਪਰਗਿਆਤ ਸਮਾਧੀ ਤੋਂ ਪੈਦਾ ਹੋਇਆ ਚਿੱਤ ਜਨਮ ਤੋਂ ਪ੍ਰਾਪਤ ਚਿੱਤ ਤੋਂ ਬਿਲਕੁਲ ਵੱਖਰਾ ਹੁੰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਅਸੰਪਰਗਿਆਤ ਸਮਾਧੀ ਦਾ ਵਾਰ-ਵਾਰ ਅਨੁਭਵ ਕਰਨ ਵਾਲਾ ਸਾਧਕ ਹੁਣ ਪਹਿਲਾਂ ਵਾਲਾ ਵਿਅਕਤੀ ਹੀ ਨਹੀਂ ਰਹਿੰਦਾ, ਬਲਕਿ ਕਿਸੀ ਨਵੀਂ ਸ਼ਖ਼ਸੀਅਤ ਦੇ ਤੌਰ 'ਤੇ ਉਭਰਦਾ ਹੈ।

ਅਸੰਪਰਗਿਆਤ ਸਮਾਧੀ ਦੇ ਵਾਰ-ਵਾਰ ਅਨੁਭਵ ਤੋਂ ਪੈਦਾ ਇਹ ਚਿੱਤ ਵੀ ਆਤਮਾ ਵਰਗੇ ਗੁਣਾਂ ਦਾ ਪ੍ਰਭਾਵ ਦੇਣ ਲੱਗ ਪੈਂਦਾ ਹੈ। ਪਰੰਪਰਾ ਅਨੁਸਾਰ, ਪਰਮਾਤਮਾ ਦੇ ਤਿੰਨ ਗੁਣ ਦੱਸੇ ਗਏ ਹਨ: - ਸੱਚਿਦਾਨੰਦ (सच्चिदानन्द), ਭਾਵ - ਸਤਿ, ਚਿੱਤ ਤੇ ਆਨੰਦ।

ਸਦਾ ਸਚਿਦਾਨੰਦ ਸਰਬੰ ਪ੍ਰਣਾਸੀ ॥ (ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ)।

ਆਤਮਾ ਵੀ ਮੂਲ ਰੂਪ ਵਿੱਚ ਪਰਮਾਤਮਾ ਦਾ ਹੀ ਹਿੱਸਾ ਹੈ, ਇਸਲਈ ਇਸ ਵਿੱਚ ਵੀ ਇਹ ਤਿੰਨ ਗੁਣ ਮੌਜੂਦ ਹਨ। ਸਤਿ ਤੋਂ ਭਾਵ ਹੈ ਹੋਂਦ ਵਾਲੀ ਵਸਤੂ, ਜੋ ਸੀ, ਹੈ ਤੇ ਰਹੇਗੀ। ਆਤਮਾ ਸਤਿ ਹੈ। ਆਤਮਾ ਚਿੱਤ ਹੈ। ਇੱਥੇ ਚਿਤ ਤੋਂ ਭਾਵ ਉਸ ਦਾ ਚੇਤਨ ਹੋਣਾ ਹੈ। ਆਤਮਾ ਕੋਈ ਜੜ੍ਹ ਵਸਤੂ ਨਹੀਂ ਹੈ। ਉਸ ਦੀ ਹੋਂਦ ਹੈ, ਤੇ ਉਹ ਆਪਣੀ ਹੋਂਦ ਨੂੰ ਜਾਣਦੀ ਹੈ। ਜਦੋਂ ਜੀਵ ਅਗਿਆਨੀ ਸੀ, ਆਤਮਾ ਉਦੋਂ ਵੀ ਗਿਆਨਸਰੂਪ ਹੀ ਸੀ। ਆਨੰਦ ਤੋਂ ਭਾਵ ਹੈ ਕਿ ਉਹ ਹਮੇਸ਼ਾ ਹੀ ਅਸੀਮ ਸੁੱਖ ਦੀ ਅਵਸਥਾ ਵਿੱਚ ਹੈ।

੩. ਸਹਜ ਸਮਾਧੀ

ਸੁੰਨ ਸਮਾਧੀ ਦੀ ਅਵਸਥਾ ਦਾ ਵਾਰ-ਵਾਰ ਅਨੁਭਵ ਕਰਨ ਵਾਲਾ ਮਹਾਂਗਿਆਨੀ ਇੱਕ ਐਸੀ ਅਵਸਥਾ ਵਿੱਚ ਸਥਿਰ ਹੋ ਜਾਂਦਾ ਹੈ, ਜਿਸ ਨੂੰ ਸਹਿਜ ਸਮਾਧੀ ਆਖਦੇ ਹਨ। ਜਿਵੇਂ ਨੀਂਦ ਦੀ ਅਵਸਥਾ ਖ਼ਤਮ ਹੋਣ 'ਤੇ ਜੀਵ ਜਾਗਰਤ ਦੀ ਅਵਸਥਾ ਵਿੱਚ ਚਲਾ ਜਾਂਦਾ ਹੈ, ਉਵੇਂ ਹੀ ਸੁੰਨ ਸਮਾਧੀ ਖ਼ਤਮ ਹੋਣ 'ਤੇ ਜੀਵ ਸਹਜ ਸਮਾਧੀ ਵਿੱਚ ਚਲਾ ਜਾਂਦਾ ਹੈ। ਸਹਜ ਸਮਾਧੀ ਵੀ 'ਚੌਥਾ ਪਦ' ਹੀ ਹੈ, ਹਾਲਾਂਕਿ ਇਸ ਦੀ ਅਵਸਥਾ ਅਸੰਪਰਗਿਆਤ ਸਮਾਧੀ ਨਾਲੋਂ ਵੱਖਰੀ ਹੈ।

ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥
ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥੧॥
(੧੨੪੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰ ਕੀ ਸੇਵਾ ਮੀਠੀ ਲਾਗੀ ॥
ਅਨਦਿਨੁ ਸੂਖ ਸਹਜ ਸਮਾਧੀ ॥
ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥੧੧॥
(੧੦੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥
(੬੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਭੇ ਸੁਖ ਭਏ ਪ੍ਰਭ ਤੁਠੇ ॥
ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥
(੧੦੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥
(੫੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥
(੧੨੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਹਜ ਦਾ ਭਾਵ ਹੈ, ਜੋ ਨਾਲ ਹੀ ਪੈਦਾ ਹੋਇਆ। ਸਹਜ - ਸਹ ਜਾਯਤੇ ਇਤਿ ਸਹਜਸ । ਆਤਮਾ ਪੈਦਾ ਨਹੀਂ ਹੁੰਦੀ, ਚਿੱਤ ਪੈਦਾ ਹੁੰਦਾ ਹੈ। ਜਦੋਂ ਚਿੱਤ ਪੈਦਾ ਹੋਇਆ, ਉਸ ਵੇਲੇ ਉਸ ਦੀ ਇੱਕ ਖ਼ਾਸ, ਵ੍ਰਿਤੀ ਰਹਿਤ ਅਵਸਥਾ ਸੀ, ਜਿਸ ਵਿੱਚ ਕੋਈ ਸੰਸਕਾਰ ਮੌਜੂਦ ਨਹੀਂ ਸੀ। ਇਹ ਅਵਸਥਾ ਹੀ 'ਸਹਜ' ਸੀ । ਜੋ ਨਾਲ ਪੈਦਾ ਹੋਇਆ, ਉਹ ਸਹਜ ਹੈ। ਚਿੱਤ ਦੀਆਂ ਵੱਖ-ਵੱਖ ਵ੍ਰਿਤੀਆਂ ਨੂੰ ਵੱਖ-ਵੱਖ ਸਮਾਧੀਆਂ ਦੌਰਾਨ ਹਟਾਇਆ ਜਾਂਦਾ ਹੈ। ਸਾਰੀਆਂ ਵ੍ਰਿਤੀਆਂ ਹਟਾ ਦੇਣ ਨਾਲ ਚਿੱਤ ਦਾ ਉਹ ਰੂਪ ਪ੍ਰਗਟ ਹੋ ਜਾਂਦਾ ਹੈ, ਜੋ ਅਸਲ ਤੇ ਸਹਜ ਹੈ।

ਸਹਜ ਅਵਸਥਾ ਦਾ ਜ਼ਿਕਰ ਕਰਦੇ ਹੋਏ ਕਬੀਰ ਜੀ ਆਖਦੇ ਹਨ: -

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥
ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥
ਸਹਜ ਕੀ ਅਕਥ ਕਥਾ ਹੈ ਨਿਰਾਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥੧॥ ਰਹਾਉ ॥
ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥

ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥੨॥
ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥੪॥੪੮॥
(੩੩੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭਾਵ, ਬਿਆਨ ਨਾ ਕੀਤੀ ਜਾ ਸਕਣ ਵਾਲੀ ਸਹਜ ਦੀ ਕਥਾ ਨਿਰਾਲੀ ਹੈ । ਇਸ ਨੂੰ ਤਕੜੀ ਉੱਤੇ ਤੋਲਿਆ ਨਹੀਂ ਜਾ ਸਕਦਾ, ਭਾਵ ਇਸ ਦੀ ਕਿਸੇ ਵਸਤੂ ਜਾਂ ਅਵਸਥਾ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ, ਉਸ ਅਵਸਥਾ ਦਾ ਅੰਤ ਨਹੀਂ ਪਾਇਆ ਜਾ ਸਕਦਾ । (ਕੋਈ ਹੋਰ ਐਸੀ ਅਵਸਥਾ ਵੀ ਨਹੀਂ, ਜਿਸ ਨਾਲ ਤੁਲਨਾ ਕਰ ਕੇ ਸਹਜ ਦੀ ਅਵਸਥਾ ਨੂੰ ਉਸ ਤੋਂ) ਹਲਕੀ ਜਾਂ ਵਧੀਆ ਕਿਹਾ ਜਾ ਸਕੇ । ਰਹਾਉ । (ਉਹ ਸਹਜ ਅਵਸਥਾ ਐਸੀ ਹੈ, ਜਿੱਥੇ ਬਰਸਾਤ, ਸਮੁੰਦਰ, ਧੁੱਪ ਤੇ ਛਾਂ ਆਦਿ ਦੀ ਪਹੁੰਚ ਨਹੀਂ ਹੈ । ਉੱਥੇ ਉੱਤਪਤੀ ਤੇ ਪਰਲੌ ਨਹੀਂ ਹੈ । ਉੱਥੇ ਜੀਵਨ ਤੇ ਮੌਤ ਨਹੀਂ ਹੈ । ਉੱਥੇ ਦੁੱਖ-ਸੁੱਖ ਨਹੀਂ ਵਿਆਪਦੇ । ਉਹ ਸੁੰਨ-ਸਮਾਧੀ ਦੀ ਅਵਸਥਾ ਹੈ, ਜਿੱਥੇ ਮਨ ਵਿੱਚ ਫੁਰਨੇ ਨਹੀਂ ਉੱਠਦੇ । ਉੱਥੇ ਦੁਈ-ਦਵੈਤ ਨਹੀਂ ਹੈ ।੧। ਉੱਥੇ ਦੁਨੀਆਵੀ ਊਚ-ਨੀਚ ਨਹੀਂ ਹੈ । ਉੱਥੇ ਦਿਨ ਤੇ ਰਾਤ ਦਾ ਵਖਰੇਵਾਂ (ਭਾਵ ਕਾਲ ਦਾ ਬੰਧਨ) ਨਹੀਂ ਹੈ । ਉੱਥੇ ਪਾਣੀ, ਹਵਾ, ਅਗਨੀ (ਆਦਿ ਤ੍ਰਿਗੁਣਾਤਮਕ ਤੱਤ) ਨਹੀਂ ਹਨ । ਉੱਥੇ ਸਤਿਗੁਰੂ ਪ੍ਰਭੂ ਹੀ ਸਮਾਏ ਹੁੰਦੇ ਹਨ ।੨। ਉਸ (ਸਹਜ ਦੀ ਅਵਸਥਾ ਵਿੱਚ) ਪਹੁੰਚ ਤੋਂ ਪਰ੍ਹੇ, ਇੰਦਰੀਆਂ ਰਾਹੀਂ ਨਾ ਜਾਣਿਆ ਜਾ ਸਕਣ ਵਾਲਾ ਪ੍ਰਭੂ ਇੱਕ-ਰਸ ਸਮਾਇਆ ਹੁੰਦਾ ਹੈ, (ਤੇ ਸਹਜ ਦੀ ਇਹ ਅਵਸਥਾ) ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ । ਕਬੀਰ ਜੀ ਆਖਦੇ ਹਨ ਕਿ ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹੈ । ਸਤਿਸੰਗਤ ਵਿੱਚ ਹੀ ਮਿਲ ਕੇ ਰਹਿਣਾ ਚਾਹੀਦਾ ਹੈ ।

ਸਹਿਜ ਤੋਂ ਇੱਕ ਹੋਰ ਭਾਵ ਵੀ ਲਿਆ ਜਾਂਦਾ ਹੈ, 'ਬਿਨ੍ਹਾਂ ਯਤਨ ਤੋਂ' । ਸਹਿਜ ਸਮਾਧੀ ਉਹ ਅਵਸਥਾ ਹੈ, ਜੋ ਸਾਧਕ ਨੂੰ ਸਿਰਫ਼ ਆਪਣੇ ਹੀ ਯਤਨ ਨਾਲ ਪ੍ਰਾਪਤ ਨਹੀਂ ਹੁੰਦੀ । ਇਹ ਸਮਾਧੀ ਦੀ ਅਵਸਥਾ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ । ਆਪਣਾ ਕੀਤਾ ਹੋਇਆ ਯਤਨ ਸਫਲ ਨਹੀਂ ਹੁੰਦਾ ।

ਮਹਾਰਾਜ ਜਨਕ ਨੂੰ ਉਪਦੇਸ਼ ਕਰਦਿਆਂ ਬ੍ਰਹਮਰਿਸ਼ੀ ਸ੍ਰੀ ਅਸ਼ਟਾਵਕਰ ਜੀ ਨੇ ਕਿਹਾ ਸੀ: -

नि:संगोनिष्क्रियोअसि त्वंस्वप्रकाशोनिरंजन:।
अयमेव हि ते बंध: समाधिमनुतिष्ठसि॥
(१५, गुरुक्तात्मानुभव प्रकरण, अष्टावक्र गीता)।

ਭਾਵ, ਤੂੰ ਨਿਸੰਗ ਹੈਂ, ਨਿਸ਼ਕਿਰਿਆ ਹੈਂ, ਖ਼ੁਦ ਤੋਂ ਹੀ ਪ੍ਰਕਾਸ਼ਿਤ ਤੇ ਦੋਸ਼ ਰਹਿਤ (ਨਿਰੰਜਨ) ਹੈਂ । ਇਨ੍ਹਾਂ ਦੀ ਪ੍ਰਾਪਤੀ ਲਈ ਤੂੰ ਜੋ ਸਮਾਧੀ ਦਾ ਅਨੁਸ਼ਠਾਨ (ਪ੍ਰਾਪਤੀ ਲਈ ਕੋਸ਼ਿਸ਼) ਕਰਦਾ ਹੈਂ, ਉਹ ਹੀ ਤੇਰਾ ਬੰਧਨ ਹੈ ।

ਮਨੁੱਖ ਦੇ ਹੱਥ ਕੁੱਝ ਨਹੀਂ ਹੈ । ਜਿਵੇਂ ਪ੍ਰਭੂ ਦੀ ਇੱਛਾ ਹੁੰਦੀ ਹੈ, ਉਹ ਪ੍ਰਭੂ ਉਵੇਂ ਹੀ ਕਰਵਾਉਂਦਾ ਹੈ । ਜੇ ਪ੍ਰਭੂ ਦੀ ਇੱਛਾ ਹੈ, ਤਾਂ ਜੀਵ ਭਟਕਦਾ ਹੈ । ਜੇ ਪ੍ਰਭੂ ਦੀ ਇੱਛਾ ਹੈ, ਤਾਂ ਜੀਵ ਪ੍ਰਭੂ ਭਗਤੀ ਪ੍ਰਾਪਤ ਕਰ ਕੇ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ ।

ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥
ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥ ਜੋ ਤਿਸੁ ਭਾਵੈ ਸੋਈ ਕਰੇਇ ॥
ਅਨਜਾਨਤ ਬਿਖਿਆ ਮਹਿ ਰਚੈ ॥ ਜੇ ਜਾਨਤ ਆਪਨ ਆਪ ਬਚੈ ॥
ਭਰਮੇ ਭੂਲਾ ਦਹ ਦਿਸਿ ਧਾਵੈ ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥
ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥੩॥
(੨੭੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਪ੍ਰਭੂ ਨਾਲ ਇੱਕਰੂਪਤਾ ਪ੍ਰਾਪਤ ਕਰ ਕੇ ਉਹ ਖ਼ੁਦ ਵੀ ਨਿਰਭਉ ਹੋ ਜਾਂਦਾ ਹੈ । ਪ੍ਰਭੂ ਨਾਲ ਇੱਕਰੂਪਤਾ ਉਸ ਨੂੰ ਗੁਰੂ-ਕਿਰਪਾ ਨਾਲ ਪ੍ਰਾਪਤ ਹੁੰਦੀ ਹੈ । ਉਸ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ ।

ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥
ਗੁਰਿ ਪੂਰੈ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥੨॥੪॥
(੮੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਓਟਿ ਗਹੀ ਨਿਰਭਉ ਪਦੁ ਪਾਈਐ ॥ ਸਾਸਿ ਸਾਸਿ ਸੋ ਗੁਨ ਨਿਧਿ ਗਾਈਐ ॥੩॥

(੩੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ ॥ ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥
(੪੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥ ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥੩॥
(੫੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥
(੬੧੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਣ ਗਾਇ ॥੨॥੧੭॥
(੬੭੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥ ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥੨॥੧॥
(੭੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥
(੬੦੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥ ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ ॥੩॥
(੩੮੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥
(੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥
(੨੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭੈਅ ਕਾਰਣ ਪ੍ਰਵ੍ਰਿਤ ਹੋਇਆ ਸਾਧਕ ਹੁਣ ਨਿਰਭਉ ਹੋ ਕੇ ਨਿਵ੍ਰਿਤ ਹੋ ਗਿਆ ਹੈ ।

ਸਹਜ ਤੇ ਆਨੰਦ ਦੀ ਅਵਸਥਾ ਆਪਣੇ ਯਤਨ ਨਾਲ ਪ੍ਰਾਪਤ ਨਹੀਂ ਹੁੰਦੀ । ਜਿਸ ਉੱਤੇ ਪ੍ਰਭੂ ਦੀ ਕਿਰਪਾ ਹੋਵੇ, ਉਹ ਹੀ ਇਹ ਅਵਸਥਾ ਪ੍ਰਾਪਤ ਕਰ ਸਕਦਾ ਹੈ ।

ਰਾਖਨਹਾਰੇ ਪ੍ਰਭ ਪਿਆਰੇ ਮੁਝ ਤੇ ਕਛੂ ਨ ਹੋਆ ਹੋਨ ॥
ਸੂਖ ਸਹਜ ਆਨੰਦ ਨਾਨਕ ਕ੍ਰਿਪਾ ਤੇਰੀ ਤਰੈ ਭਉਨ ॥੩॥
(੪੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਹਜ ਦੀ ਅਵਸਥਾ ਵਿੱਚ ਟਿਕਿਆ ਸਾਧਕ ਆਮ ਇਨਸਾਨ ਵਾਂਗ ਸੰਸਾਰ ਵਿੱਚ ਵਿੱਚਰਦਾ ਰਹਿੰਦਾ ਹੈ, ਪਰ ਅੰਦਰੋਂ ਉਹ ਪ੍ਰਭੂ ਨਾਲ ਇੱਕ-ਰੂਪ ਹੋ ਚੁੱਕਾ ਹੁੰਦਾ ਹੈ ।

ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧ ੴ ਸਤਿਗੁਰ ਪ੍ਰਸਾਦਿ ॥
ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥
ਮਨੁ ਰਾਮ ਨਾਮਾ ਬੇਧੀਅਲੇ ॥

ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥
ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥
ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥
(੯੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਉਸ ਦੇ ਕਰਮ ਹੁਣ ਆਪਣੇ ਲਈ ਨਹੀਂ ਹੁੰਦੇ, ਬਲਕਿ ਉਹ ਆਪਣੇ ਕਰਮ ਪ੍ਰਭੂ ਨੂੰ ਸਮਰਪਿਤ ਕਰ ਦਿੰਦਾ ਹੈ । ਉਸ ਦੇ ਕਰਮ ਧਰਮ, ਅਰਥ ਜਾਂ ਕਾਮ ਦੀ ਪੂਰਤੀ ਲਈ ਨਹੀਂ ਹੁੰਦੇ। ਉਹ ਨਿਸ਼ਕਾਮ ਕਰਮ ਕਰਦਾ ਹੈ। ਉਸ ਦੇ ਕਰਮ ਕਰਨ ਪਿੱਛੇ ਕੋਈ ਵੀ ਇੱਛਾ ਨਹੀਂ ਹੁੰਦੀ।

ਕਰਮ ਕਰਤ ਹੋਵੈ ਨਿਹਕਰਮ ॥
ਤਿਸੁ ਬੈਸਨੋ ਕਾ ਨਿਰਮਲ ਧਰਮ ॥
ਕਾਹੂ ਫਲ ਕੀ ਇਛਾ ਨਹੀ ਬਾਛੈ ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥
ਸਭ ਊਪਰਿ ਹੋਵਤ ਕਿਰਪਾਲ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥
(੨੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨੀਂਦ ਦੀ ਅਵਸਥਾ ਦਾ ਵਰਣਨ ਕਰਦਿਆਂ ਅਸੀਂ ਕਹਿ ਚੁੱਕੇ ਹਾਂ ਕਿ ਨੀਂਦ ਦੀ ਅਵਸਥਾ ਕੋਈ ਅਜਿਹੀ ਅਵਸਥਾ ਨਹੀਂ, ਜੋ ਹਮੇਸ਼ਾ ਇੱਕੋ ਜਿਹੀ ਰਹਿੰਦੀ ਹੋਵੇ। ਜੇ ਕੋਈ ਜੀਵ ੬ ਘੰਟੇ ਦੀ ਨੀਂਦ ਲੈਂਦਾ ਹੈ, ਤਾਂ ਇਨ੍ਹਾਂ ੬ ਘੰਟਿਆਂ ਦੌਰਾਨ ਉਹ ਨੀਂਦ ਤੇ ਸੁਪਨੇ ਦੀਆਂ ਵੱਖ-ਵੱਖ ਅਵਸਥਾਵਾਂ ਵਿੱਚੋਂ ਗੁਜ਼ਰਦਾ ਹੈ। ਪਹਿਲਾਂ ਉਹ ਕੱਚੀ ਨੀਂਦ ਦੀ ਅਵਸਥਾ ਵਿੱਚ ਜਾਂਦਾ ਹੈ। ਕੁੱਝ ਦੇਰ ਬਾਅਦ ਉਹ ਡੂੰਘੀ ਨੀਂਦ ਵਿੱਚ ਚਲਾ ਜਾਂਦਾ ਹੈ। ਉਸ ਮਗਰੋਂ ਉਹ ਕੱਚੀ ਨੀਂਦ ਵਿੱਚ ਆ ਜਾਂਦਾ ਹੈ। ਫਿਰ ਉਹ ਸੁਪਨੇ ਦੀ ਅਵਸਥਾ ਵਿੱਚੋਂ ਗੁਜ਼ਰਦਾ ਹੈ ਤੇ ਫਿਰ ਉਸ ਦੀ ਨੀਂਦ ਖੁੱਲ੍ਹ ਜਾਂਦੀ ਹੈ। ਇਹ ਇੱਕ ਚੱਕਰ (Cycle) ਹੈ। ਨੀਂਦ ਖੁੱਲ੍ਹਣ ਤੋਂ ਬਾਅਦ ਉਹ ਫਿਰ ਕੱਚੀ ਨੀਂਦ, ਫਿਰ ਗੂੜ੍ਹੀ ਨੀਂਦ, ਫਿਰ ਕੱਚੀ ਨੀਂਦ, ਫਿਰ ਸੁਪਨਾ ਤੇ ਫਿਰ ਨੀਂਦ ਟੁੱਟ ਜਾਣ ਦੀ ਅਵਸਥਾ ਦੇ ਇਸ ਚੱਕਰ ਵਿੱਚੋਂ ਬਾਰਬਾਰ ਲੰਘਦਾ ਰਹਿੰਦਾ ਹੈ। ਇੱਕ ੬ ਘੰਟੇ ਦੀ ਨੀਂਦ ਵਿੱਚ ਕੋਈ ਜੀਵ ਅਜਿਹੇ ੫ ਜਾਂ ੬ ਚੱਕਰਾਂ ਵਿੱਚੋਂ ਲੰਘ ਸਕਦਾ ਹੈ।

ਸਮਾਧੀ ਦੀ ਅਵਸਥਾ ਬਾਰੇ ਵੀ ਅਜਿਹਾ ਹੀ ਹੈ। ਸਮਾਧੀ ਦੀ ਅਵਸਥਾ ਦੌਰਾਨ ਸਾਧਕ ਸੰਪਰਗਿਆਤ ਸਮਾਧੀ ਤੋਂ ਵਿਵੇਕ-ਖਿਆਤੀ, ਵਿਵੇਕ-ਖਿਆਤੀ ਤੋਂ ਵਾਪਸ ਸੰਪਰਗਿਆਤ-ਸਮਾਧੀ, ਜਾਂ ਵਿਵੇਕ-ਖਿਆਤੀ ਤੋਂ ਅਸੰਪਰਗਿਆਤ-ਸਮਾਧੀ, ਅਸੰਪਰਗਿਆਤ ਸਮਾਧੀ ਤੋਂ ਵਾਪਸ ਵਿਵੇਕ-ਖਿਆਤੀ ਜਾਂ ਅਸੰਪਰਗਿਆਤ ਸਮਾਧੀ ਤੋਂ ਵਾਪਸ ਸੰਪਰਗਿਆਤ ਸਮਾਧੀ ਦੀ ਅਵਸਥਾ ਵਿੱਚ ਜਾਂਦਾ ਰਹਿੰਦਾ ਹੈ। ਇਸੇ ਦੌਰਾਨ ਕੋਈ ਸਾਧਾਰਣ ਸਾਧਕ ਨੀਂਦ ਜਾਂ ਜਾਗਰਤ ਦੀ ਅਵਸਥਾ ਵਿੱਚ ਵੀ ਆ ਸਕਦਾ ਹੈ, ਜਿੱਥੇ ਉਹ ਸਾਧਾਰਣ ਮਨੁੱਖ ਵਾਂਗ ਵਿਵਹਾਰ ਕਰਦਾ ਹੈ। ਇਹ ਜਾਗਰਤ ਅਵਸਥਾ ਹੀ ਅਜਿਹੇ ਸਾਧਕ ਦੀ ਸਥਾਈ ਅਵਸਥਾ ਹੈ, ਹਾਲਾਂਕਿ ਉਹ ਸਮਾਧੀ ਦੀ ਅਵਸਥਾ ਤਕ ਵੀ ਪੁੱਜਦਾ ਰਹਿੰਦਾ ਹੈ। ਪ੍ਰੰਤੂ, ਵੱਡੇ ਭਾਗਾਂ ਵਾਲਾ ਸਾਧਕ ਜਿਹੜੀ ਸਥਾਈ ਅਵਸਥਾ ਗ੍ਰਹਿਣ ਕਰਦਾ ਹੈ, ਉਹ ਸਹਜ ਸਮਾਧੀ ਦੀ ਅਵਸਥਾ ਹੈ। ਜਦੋਂ ਵੀ ਉਹ ਦੁਨੀਆਵੀ ਕਾਰ-ਵਿਵਹਾਰ ਕਰ ਰਿਹਾ ਪ੍ਰਤੀਤ ਹੁੰਦਾ ਹੈ, ਉਦੋਂ ਉਹ ਸਾਧਾਰਣ ਜਾਗਰਤ ਅਵਸਥਾ ਵਿੱਚ ਨਾ ਹੋ ਕੇ ਸਹਜ ਸਮਾਧੀ ਦੀ ਅਵਸਥਾ ਵਿੱਚ ਹੁੰਦਾ ਹੈ। ਅਜਿਹਾ ਸਾਧਕ ਹੀ ਜੀਵਨ ਮੁਕਤ ਆਖਿਆ ਜਾਂਦਾ ਹੈ। ਸਾਧਾਰਣ ਜੀਵ ਉਸ ਦੀ ਅਜਿਹੀ ਅਵਸਥਾ ਨੂੰ ਸਮਝ ਸਕਣ ਤੋਂ ਅਸਮਰਥ ਹੁੰਦਾ ਹੈ।

ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥

(੨੩੨, ਸ੍ਰੀ ਗੁਰੂ ਗ੍ਰੰਥ ਸਾਹਿਬ)।

ਉਹ ਪਾਪ-ਪੁੰਨ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਦੁੱਖ ਤੇ ਸੁੱਖ ਉਸ ਲਈ ਬਰਾਬਰ ਹੋ ਜਾਂਦੇ ਹਨ। ਸੋਨਾ ਤੇ ਮਿੱਟੀ ਉਸ ਲਈ ਇੱਕੋ-ਜਿਹੇ ਹੋ ਜਾਂਦੇ ਹਨ। ਉਹ ਆਨੰਦ ਦੀ ਐਸੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ, ਜੋ ਕਦੇ ਖ਼ਤਮ ਨਹੀਂ ਹੁੰਦੀ। ਐਸੀ ਅਵਸਥਾ ਨੂੰ ਵੀਚਾਰਵਾਨਾਂ ਨੇ ਕਈ ਨਾਮ ਦਿੱਤੇ ਹਨ। ਕੋਈ ਵੀ ਨਾਮ ਦੇ ਦਿੱਤਾ ਜਾਏ, ਕੋਈ ਫ਼ਰਕ ਨਹੀਂ ਪੈਂਦਾ। ਕੋਈ ਵੀ ਨਾਮ ਉਸ ਮਹਾਂਗਿਆਨੀ ਦਾ ਵਰਣਨ ਕਰਨ ਵਿੱਚ ਅਸਮਰਥ ਹੀ ਰਹੇਗਾ।

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥
(੨੭੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਹਜ ਸਮਾਧੀ ਵਿੱਚ ਸਾਧਕ ਨਿਰੰਤਰ ਅਨਾਹਤ ਨਾਦ ਆਦਿ ਰਾਹੀਂ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਉਹ ਤ੍ਰਿਗੁਣਾਤਮਕ ਚਿੱਤ ਦਾ ਪ੍ਰਯੋਗ ਇੱਕ ਔਜ਼ਾਰ ਵਜੋਂ ਕਰਦਾ ਰਹਿੰਦਾ ਹੈ। ਉਹ ਇਹ ਜਾਣਦਾ ਹੈ ਕਿ ਲੋਕ ਉਸ ਨੂੰ ਕਿਸੇ ਵਿਸ਼ੇਸ਼ ਨਾਮ, ਰੰਗ, ਨਸਲ, ਲਿੰਗ, ਜਾਂ ਸੰਪਰਦਾਇ ਆਦਿ ਨਾਲ ਸੰਬੰਧਿਤ ਸਮਝਦੇ ਹਨ, ਪਰ ਅੰਦਰੋਂ ਉਹ ਨਾਮ, ਰੰਗ, ਨਸਲ, ਲਿੰਗ, ਜਾਂ ਸੰਪਰਦਾਇ ਆਦਿ ਦੇ ਭੇਦ ਤੋਂ ਰਹਿਤ ਹੁੰਦਾ ਹੈ।

ਸਹਜ ਸਮਾਧੀ ਦੀ ਅਵਸਥਾ ਉਨ੍ਹਾਂ ਸਭ ਭਗਤਾਂ ਤੇ ਸੰਤਾਂ ਦੇ ਚਿੱਤ ਦੀ ਅਵਸਥਾ ਹੈ, ਜਿਨ੍ਹਾਂ ਨੇ ਸੰਸਾਰ ਦੇ ਵਿਸ਼ਿਆਂ ਨਾਲੋਂ ਪ੍ਰਭੂ-ਭਗਤੀ ਵੱਲ ਜ਼ਿਆਦਾ ਰੁਚੀ ਦਿਖਾਈ ਹੈ। ਮਹਾਂਰਿਸ਼ੀਆਂ ਤੇ ਗੁਰੂਆਂ ਦੇ ਉਹ ਵਚਨ, ਜੋ ਸਾਡੇ ਲਈ ਹਮੇਸ਼ਾ ਹੀ ਚਾਨਣ ਮੁਨਾਰੇ ਦਾ ਕੰਮ ਕਰਦੇ ਆਏ ਹਨ, ਉਦੋਂ ਉਚਾਰੇ ਗਏ ਸਨ, ਜਦੋਂ ਉਹ ਸਹਜ ਸਮਾਧੀ ਦੀ ਅਵਸਥਾ ਵਿੱਚ ਸਨ। ਉਹ ਵਚਨ ਕੋਈ ਸਾਧਾਰਣ ਕਵੀਆਂ ਦੇ ਵਚਨ ਨਹੀਂ ਹਨ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ (੩੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਧਾਰਣ ਕਵੀਆਂ ਤੇ ਲੇਖਕਾਂ ਦੇ ਵਚਨ ਜਿਸ ਅਵਸਥਾ ਵਿੱਚ ਲਿਖੇ ਜਾਂ ਉਚਾਰੇ ਜਾਂਦੇ ਹਨ, ਉਹ ਜਾਗਰਤ ਦੀ ਸਾਧਾਰਣ ਅਵਸਥਾ ਹੁੰਦੀ ਹੈ। ਗੁਰੂਆਂ ਤੇ ਮਹਾਂਰਿਸ਼ੀਆਂ ਦੇ ਵਚਨ ਉਦੋਂ ਉਚਾਰੇ ਜਾਂ ਲਿਖੇ ਜਾਂਦੇ ਹਨ, ਜਦੋਂ ਉਹ ਸਹਜ ਸਮਾਧੀ ਦੀ ਅਵਸਥਾ ਵਿੱਚ ਵਿਚਰ ਰਹੇ ਹੁੰਦੇ ਹਨ।

--0--